**ਸੈਸ਼ਨ: 2025-26**
**ਜਮਾਤ: ਨੌਂਵੀਂ**
**ਵਿਸ਼ਾ: ਪੰਜਾਬੀ (ਪੇਪਰ: ਏ)**

**ਸਮਾਂ: 3 ਘੰਟੇ** **ਪ੍ਰਸ਼ਨ-ਪੱਤਰ ਦੀ ਰੂਪ-ਰੇਖਾ** **ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ। ਸਾਰੇ ਹੱਲ ਕਰਨੇ ਲਾਜ਼ਮੀ ਹੋਣਗੇ।**

**ਪ੍ਰਸ਼ਨ 1. ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ:** **8+8+4=20**

ਭਾਗ (ੳ): 'ਸਾਹਿਤ-ਮਾਲ਼ਾ 9' ਪਾਠ-ਪੁਸਤਕ ਦੇ ਨਿਰਧਾਰਿਤ ਕਾਵਿ-ਧਰਾਵਾਂ ਵਿੱਚੋਂ 2 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

ਭਾਗ (ਅ): 'ਵੰਨਗੀ 9' ਪਾਠ-ਪੁਸਤਕ ਦੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਅਤੇ ਇਕਾਂਗੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

ਭਾਗ (ੲ): ਨਾਵਲ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ। **(ਇਹ ਸਾਰੇ ਪ੍ਰਸ਼ਨ ਦੋ-ਦੋ ਅੰਕ ਦੇ ਹੋਣਗੇ।)**

**ਪ੍ਰਸ਼ਨ 2.** ਆਧੁਨਿਕ-ਕਾਵਿ ਵਿੱਚੋਂ ਦੋ ਕਾਵਿ-ਟੋਟੇ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦੇ 2 ਅੰਕ ਅਤੇ ਵਿਆਖਿਆ ਦੇ 3 ਅੰਕ ਹੋਣਗੇ। **2+3=5**

**ਪ੍ਰਸ਼ਨ 3.** ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਗ-ਪਗ 40 ਕੁ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×3=3**

**ਪ੍ਰਸ਼ਨ 4. '**ਸਾਹਿਤ-ਮਾਲ਼ਾ 9' ਪਾਠ-ਪੁਸਤਕ ਦੇ ਵਾਰਤਕ ਲੇਖਾਂ ਵਿੱਚੋਂ ਕੋਈ ਦੋ ਲੇਖ ਦੇ ਕੇ ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×6=6**

**ਪ੍ਰਸ਼ਨ 5.** ਵਾਰਤਕ ਲੇਖਾਂ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕਿਸੇ ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **2+2=4**

**ਪ੍ਰਸ਼ਨ 6. '**ਵੰਨਗੀ 9' ਪਾਠ-ਪੁਸਤਕ ਦੇ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×6=6**

**ਪ੍ਰਸ਼ਨ 7.** ਕਹਾਣੀਆਂ ਦੇ ਪਾਠ-ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕਿਸੇ ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **2+2=4**

**ਪ੍ਰਸ਼ਨ 8.** ਇਕਾਂਗੀਆਂ ਵਿੱਚੋਂ ਦੋ ਪਾਤਰ ਦੇ ਕੇ, ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×5=5**

**ਪ੍ਰਸ਼ਨ 9.** ਇਕਾਂਗੀਆਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਤਿੰਨੇ ਪ੍ਰਸ਼ਨ ਦੋ-ਦੋ ਅੰਕ ਦੇ ਹੋਣਗੇ। **3×2=6**

**ਪ੍ਰਸ਼ਨ 10.** ਨਾਵਲ ਵਿੱਚੋਂ ਕੋਈ ਪੰਜ ਪ੍ਰਸ਼ਨ ਦੇ ਕੇ ਕਿਸੇ ਦੋ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। **3×2=6**

**ਵਸਤੂਨਿਸ਼ਠ ਪ੍ਰਸ਼ਨ:**

1. 'ਅੱਗਿਉਂ ਅੱਗੇ ਚੱਲਣਾ' ਕਿਸ ਕਵੀ ਦੀ ਰਚਨਾ ਹੈ?

2. 'ਅੱਗਿਓਂ ਅੱਗੇ ਚੱਲਣਾ' ਕਵਿਤਾ ਦੀ ਸੁਰ ਕਿਹੋ-ਜਿਹੀ ਹੈ?

3. ਕਵੀ ਗੁਰੂ ਨਾਨਕ ਨੂੰ ਕਿਸ ਦੇ ਵੀਰਾਨ ਹੋਣ ਬਾਰੇ ਕਹਿੰਦਾ ਹੈ?

4. 'ਜੱਟੀਆਂ ਦਾ ਗੀਤ' ਕਵਿਤਾ ਕਿਸ ਨੂੰ ਸੰਬੋਧਿਤ ਹੈ?

5. 'ਜੱਟੀਆਂ ਦਾ ਗੀਤ' ਕਵਿਤਾ ਵਿਚਲੇ ਵਿਚਾਰ ਕਿਹੋ-ਜਿਹੇ ਹਨ?

6. 'ਮਾਤਾ ਗੁਜਰੀ ਨੂੰ' ਕਵਿਤਾ ਦਾ ਰਚੇਤਾ ਕੌਣ ਹੈ?

7. ਮਾਤਾ ਗੁਜਰੀ ਜੀ ਕਿਹੜੇ ਚੰਦਾਂ ਦੀਆਂ ਘੋੜੀਆਂ ਗਾ ਰਹੀ ਸੀ?

8. 'ਮਾਤਾ ਗੁਜਰੀ ਜੀ' ਗੀਤ ਵਿੱਚ ਕਿਹੋ-ਜਿਹੇ ਭਾਵ ਅੰਕਿਤ ਹੋਏ ਹਨ?

9. 'ਜੀਉਂਦੇ ਭਗਵਾਨ' ਕਵਿਤਾ ਵਿੱਚ ਕਿਹੋ-ਜਿਹੇ ਭਾਵ ਅੰਕਿਤ ਹਨ?

10. ਮੁਟਿਆਰਾਂ ਦੀ ਆਰਸੀ ਦੇ ਸ਼ੀਸ਼ੇ ਵਿੱਚ ਕੀ ਵੱਸਦਾ ਦਿਖਾਈ ਦਿੰਦਾ ਹੈ?

11. 'ਕੋਸ਼ਿਸ਼ 'ਚ ਹਾਂ' ਕਵਿਤਾ ਕਿਸ ਦੀ ਰਚਨਾ ਹੈ?

12. ਕਵੀ ਜ਼ਿੰਦਗੀਆਂ ਦੇ ਪਹਿਲੂਆਂ ਉੱਤੇ ਕਿਸ ਤਰ੍ਹਾਂ ਰੋਸ਼ਨੀ ਪਾਉਣੀ ਚਾਹੁੰਦਾ ਹੈ?

13. ਕਵੀ ਅਨੁਸਾਰ ਮਹਾਨ ਦੇਸ ਦਾ ਮਨੁੱਖ ਕਿਹੋ-ਜਿਹਾ ਹੁੰਦਾ ਹੈ?

14. ਮਿਹਨਤੀ ਲੋਕਾਂ ਦੇ ਹਰੇ ਖੇਤਾਂ ਵਿੱਚ ਪਾਣੀ ਦੀ ਧਾਰਾ ਕਿਸ ਤਰ੍ਹਾਂ ਫਿਰਦੀ ਹੈ?

15. 'ਦੇਸ' ਕਵਿਤਾ ਵਿੱਚ ਕਵੀ ਨੇ ਕਿਹੋ-ਜਿਹੇ ਭਾਵ ਅੰਕਿਤ ਕੀਤੇ ਹਨ?

16. 'ਦੋ ਪਿੱਪਲ਼ ਦੇ ਪੱਤੇ' ਕਿਸ ਦੀ ਰਚਨਾ ਹੈ?

17. ਦੋ ਪਿੱਪਲ਼ ਦੇ ਪੱਤੇ ਕਿਸ ਦਾ ਪ੍ਰਤੀਕ ਹਨ?

18. 'ਦੋ ਪਿੱਪਲ਼ ਦੇ ਪੱਤੇ' ਕਵਿਤਾ ਵਿੱਚ ਕਵੀ ਕਿਹੜੇ ਦੁਖਾਂਤ ਵੱਲ ਇਸ਼ਾਰਾ ਕਰਦਾ ਹੈ?

19. ਕਵੀ ਮਿੱਟੀ ਦੀ ਮੁੱਠ ਵਿੱਚ ਨੀਝ ਲਾ ਕੇ ਕੀ ਦੇਖ ਰਿਹਾ ਸੀ?

20. ਕਵੀ ਅਨੁਸਾਰ ਬੰਦੇ ਦਾ ਸਰੀਰ ਕੀ ਹੈ?

21. ਅੰਮ੍ਰਿਤਾ ਪ੍ਰੀਤਮ ਦੀ ਕਿਹੜੀ ਕਵਿਤਾ ਪੰਜਾਬੀ ਸੱਭਿਆਚਾਰ ਦੀ ਇੱਕ ਝਲਕ ਪੇਸ਼ ਕਰਦੀ ਹੈ?

22. ਤ੍ਰਿੰਞਣ ਦੀਆਂ ਕੁੜੀਆਂ ਦੇ ਇਕੱਠ ਨੂੰ ਕਿਸ ਚੀਜ਼ ਨਾਲ਼ ਉਪਮਾ ਦਿੱਤੀ ਗਈ ਹੈ?

23. 'ਅਹਿਦਨਾਮਾ' ਕਵਿਤਾ ਵਿੱਚ ਕਾਹਦਾ ਚਿਰਾਗ਼ ਬਾਲ਼ਨ ਲਈ ਕਿਹਾ ਗਿਆ ਹੈ?

24. 'ਅਹਿਦਨਾਮਾ' ਕਵਿਤਾ ਵਿੱਚ ਰਾਤ ਕਾਹਦੀ ਹੈ?

25. 'ਧਰਮੀ ਬਾਬਲਾ' ਕਵਿਤਾ ਕਿਸ ਦੀ ਰਚਨਾ ਹੈ?

26. 'ਧਰਮੀ ਬਾਬਲਾ' ਕਵਿਤਾ ਵਿੱਚ ਕਿਸ ਦੇ ਭਾਵ ਅੰਕਿਤ ਹਨ?

27. 'ਧਰਮੀ ਬਾਬਲਾ' ਗੀਤ ਵਿੱਚ ਕਿਹੋ-ਜਿਹੇ ਭਾਵ ਅੰਕਿਤ ਹਨ?

28. 'ਆਰਤੀ' ਕਵਿਤਾ ਕਿਸ ਨੂੰ ਸੰਬੋਧਿਤ ਹੈ?

29. ਦੇਸ ਵਿੱਚ ਤਰੱਕੀ ਦੇ ਬਾਵਜੂਦ ਖ਼ੁਸ਼ਹਾਲੀ ਕਿਉਂ ਨਹੀਂ ਆਈ?

30. 'ਆਇਆ ਨੰਦ ਕਿਸ਼ੋਰ' ਕਵਿਤਾ ਦਾ ਕਵੀ ਕੌਣ ਹੈ?

31. ਨੰਦ ਕਿਸ਼ੋਰ ਕਿੱਥੋਂ ਆਇਆ ਸੀ?

32. ਮਾਧੁਰੀ ਪਿੰਡ ਦੇ ਸਕੂਲ ਵਿੱਚ ਫੱਟੀ ਪੋਚ ਕੇ ਕੀ ਲਿਖ ਰਹੀ ਸੀ?

33. ਦਿਲ ਟੁੱਟਣ ਤੇ ਉਸ ਦੇ ਟੁੱਕੜੇ ਕਿੱਥੇ ਰੜਕਦੇ ਹਨ?

34. ਹੇਠਾਂ ਦਿੱਤੀਆਂ ਰਚਨਾਵਾਂ ਦਾ ਰਚਨਾਕਾਰ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਗ਼ਲਤ ਫ਼ਹਿਮੀਆਂ | ਨੰਦ ਲਾਲ ਨੂਰਪੁਰੀ |
| ਜੀਵਨ ਜੋਤ | ਅੰਮ੍ਰਿਤਾ ਪ੍ਰੀਤਮ |
| ਮੈਂ ਪੰਜਾਬੀ | ਧਨੀ ਰਾਮ ਚਾਤ੍ਰਿਕ |
| ਮਾਤਾ ਗੁਜਰੀ ਜੀ | ਸ. ਸ. ਚਰਨ ਸਿੰਘ ਸ਼ਹੀਦ |
| ਅਹਿਦਨਾਮਾ | ਫ਼ੀਰੋਜ਼ਦੀਨ ਸ਼ਰਫ਼ |

35. ਜੈਰਾਮ ਤੇ ਬੇਬੇ ਨਾਨਕੀ ਕਿੱਥੇ ਰਹਿੰਦੇ ਸਨ?

36. ਨਵਾਬ ਦੌਲਤ ਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕੀ ਦਿੱਤਾ?

37. ਸੁਲਤਾਨਪੁਰ ਜਾ ਕੇ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਕਿਸ ਨੂੰ ਮਿਲ਼ੇ?

38. ਗੁਰੂ ਨਾਨਕ ਦੇਵ ਜੀ ਨਵਾਬ ਅੱਗੇ ਕੀ ਲੈ ਕੇ ਪੇਸ਼ ਹੋਏ?

39. ਗੁਰੂ ਜੀ ਰਾਤ ਨੂੰ ਨਿਤਾਪ੍ਰਤਿ ਕੀ ਕਰਦੇ ਸਨ?

40. ਨਵਾਬ ਦੌਲਤ ਖਾਂ ਕਿੱਥੋਂ ਦਾ ਨਵਾਬ ਸੀ?

41. ਕਿਸ ਦੀ ਆਗਿਆ ਨਾਲ਼ ਗੁਰੂ ਨਾਨਕ ਦੇਵ ਜੀ ਬਾਹਰ ਆਏ?

42. ਗੁਰੂ ਜੀ ਦੀ ਹੈਰਾਨੀ ਦੀ ਗੱਲ ਕਿਸ ਨੂੰ ਪਤਾ ਲੱਗੀ ਸੀ?

43. ਗੁਰੂ ਜੀ ਨੇ ਰੁਜ਼ਗਾਰ ਮਿਲ਼ਨ 'ਤੇ ਕਿਸ ਨੂੰ ਬੁਲਾਉਣਾ ਸੀ?

44. ਇਹਨਾਂ ਵਿੱਚੋਂ ਪੁਰਾਤਨ ਜਨਮ ਸਾਖੀ ਕਿਹੜੀ ਹੈ?

45. ਸੁਲਤਾਨਪੁਰ ਨੂੰ ਜਾਣ ਸਮੇਂ ਗੁਰੂ ਜੀ ਨੇ ਕਿਸ ਤੋਂ ਵਿਦਾ ਲਈ ਸੀ?

46. ਗੁਰੂ ਜੀ ਦੀ ਪਤਨੀ ਦੇ ਵੈਰਾਗ ਕਰਨ ਦਾ ਕੀ ਕਾਰਨ ਸੀ?

47. 'ਗਲੀ ਵਿੱਚ' ਲੇਖ ਕਿਸ ਦੀ ਰਚਨਾ ਹੈ?

48. 'ਗਲੀ ਵਿੱਚ' ਲੇਖ ਵਿੱਚ ਕਿਹੜੇ ਸ਼ਹਿਰ ਦੀ ਗਲ਼ੀ ਦਾ ਜ਼ਿਕਰ ਹੈ?

49. ਗਲ਼ੀ ਵਿੱਚ ਸਭ ਤੋਂ ਪਹਿਲਾਂ ਕੌਣ ਆਇਆ?

50. ਵਹੁਟੀਆਂ ਨੇ ਛਾਬੜੀ ਵਾਲ਼ੇ ਤੋਂ ਸੌਦਾ ਖ਼ਰੀਦਣ ਲਈ ਹੇਠਾਂ ਕੀ ਲਮਕਾਇਆ?

51. ਦੂਜੇ ਦਿਨ ਅੰਮ੍ਰਿਤ ਵੇਲ਼ੇ ਇਸਤਰੀਆਂ ਇਕੱਠੀਆਂ ਹੋ ਕੇ ਕਿੱਥੇ ਗਈਆਂ?

52. ਤ੍ਰੀਮਤਾਂ ਨੇ ਕਿਸ ਤੋਂ ਕਥਾ ਸੁਣੀ?

53. ਬੁੱਢੀ ਨੇ ਕਿਸ ਨੂੰ ਡਾਂਟਿਆ?

54. ਦੰਦਾਸੇ ਦੀ ਵਰਤੋਂ ਕੌਣ ਕਰਦਾ ਹੈ?

55. ਪਾਠ ਅਨੁਸਾਰ ਕੌਣ ਹਿਣਕਦਾ ਹੈ?

56. ਗ਼ਲੀ ਵਿੱਚ ਸਭ ਤੋ ਮਗਰੋਂ ਕੌਣ ਆਇਆ?

57. ਜਦੋਂ ਖੋਤਾ ਹਿਣਕਿਆ ਉਦੋਂ ਤ੍ਰੀਮਤਾਂ ਕਿੱਧਰ ਜਾ ਰਹੀਆਂ ਸਨ?

58. ਪਾਂਡਾ ਸਭ ਤੋਂ ਪਹਿਲਾਂ ਕਿਸ ਨੂੰ ਠੱਗਦਾ ਹੈ?

59. ਵਹੁਟੀਆਂ ਨੇ ਛਾਬੜੀ ਵਾਲ਼ੇ ਤੋਂ ਕੀ ਖ਼ਰੀਦਿਆ?

60. 'ਸਮਯ ਦਾ ਅਰਘ' ਅਤੇ 'ਵੱਡਿਆਂ ਦਾ ਆਦਰ' ਲੇਖ ਕਿਸ ਦੇ ਲਿਖੇ ਹੋਏ ਹਨ?

61. ਸਮਯ ਦਾ ਅਰਘ ਤੋਂ ਕੀ ਭਾਵ ਹੈ?

62. ਕਿੰਨੇ ਸਾਲ ਤੋਂ ਵੱਧ ਉਮਰ ਵਾਲ਼ੇ ਦੀ ਸਮਾਧ ਨਹੀਂ ਸੀ?

63. ਸਾਧੂ ਨੇ ਨਗਰ ਦੇ ਬਾਹਰ ਕੀ ਦੇਖਿਆ?

64. ਮੜ੍ਹੀਆਂ ਉੱਪਰ ਦੋ ਸਾਲਾਂ ਤੋਂ ਲੈ ਕੇ ਪੰਜ ਸਾਲਾਂ ਦੀ ਉਮਰ ਲਿਖਣ ਦਾ ਕੀ ਰਾਜ਼ ਸੀ?

65. ਕਿਹੜਾ ਸਮਾਂ ਸਾਰਥਕ ਹੁੰਦਾ ਹੈ?

66. ਪੁੰਨ ਅਵਸਥਾ ਵਿੱਚ ਪਹੁੰਚਣ ਲਈ ਕਿੰਨਾ ਸਮਾਂ ਲੱਗਦਾ ਹੈ?

67. ਸਾਨੂੰ ਕਿਸ ਦਾ ਆਦਰ ਕਰਨਾ ਚਾਹੀਦਾ ਹੈ?

68. ਵੱਡੇ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

69. ਵੱਡਿਆਂ ਤੋਂ ਅੱਗੇ ਲੰਘਣ ਸਮੇਂ ਕੀ ਕਰਨਾ ਚਾਹੀਦਾ ਹੈ?

70. 'ਢੋਲ ਢਮੱਕਾ' ਲੇਖ ਕਿਸ ਦੀ ਰਚਨਾ ਹੈ?

71. ਲੋਕ ਰੌਲ਼ਾ ਪਾ ਕੇ ਲੋਕਾਂ ਨੂੰ ਆਪਣੇ ਮਗਰ ਕਿਉਂ ਲਾਉਂਦੇ ਹਨ?

72. ਰਮਨਾਂ ਨੇ ਕਿਹੜੇ ਜਹਾਜ਼ੀ ਬੇੜੇ ਨੂੰ ਰੋਕਣ ਦੀ ਕੋਸ਼ਸ਼ ਕੀਤੀ?

73. ਜਰਮਨ ਫ਼ੌਜਾਂ ਨੇ ਬੈਂਡ ਵਜਾਉਂਦਿਆਂ ਕਿਹੜੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ?

74. ਕੌਣ ਬਿਨਾਂ ਸਿੰਙਾਂ ਤੋਂ ਫ਼ਰੇਬ ਤੇ ਨੀਤੀ ਨਾਲ਼ ਦੂਜਿਆਂ ਨੂੰ ਅਧੀਨ ਕਰਨਾ ਚਾਹੁੰਦਾ ਹੈ?

75. ਅੱਜ-ਕੱਲ੍ਹ ਦੂਜਿਆਂ ਨੂੰ ਫ਼ਰੇਬ ਤੇ ਨੀਤੀ ਨਾਲ਼ ਕਾਬੂ ਕਰਨ ਵਾਲ਼ੇ ਨੂੰ ਕੀ ਕਹਿੰਦੇ ਹਨ?

76. ਜਰਮਨ ਫ਼ੌਜਾਂ ਨੇ ਓਸਲੋ ਸ਼ਹਿਰ ਤੇ ਕਿਵੇਂ ਕਬਜ਼ਾ ਕੀਤਾ?

77. ਸਾਡੇ ਦੇਸ ਵਿੱਚ ਦੂਜਿਆਂ ਨੂੰ ਕਮਲੇ ਕਰਨ ਲਈ ਕਿਹੜਾ ਢੰਗ ਵਰਤਿਆ ਜਾਂਦਾ ਹੈ?

78. ਢੋਲ ਢਮੱਕਾ ਲੇਖ ਅਨੁਸਾਰ ਕਿਸ ਤਰ੍ਹਾਂ ਦੇ ਪ੍ਰਦੂਸ਼ਣ ਵਿੱਚ ਵਾਧਾ ਹੋਇਆ ਹੈ?

79. ਸਾਡੇ ਦੇਸ ਵਿੱਚ ਸਾਡੀਆਂ ਜੇਬਾਂ ਫਰੋਲਣ ਵਾਲ਼ੇ ਲੋਕ ਕਦੋਂ ਆਪਣਾ ਕੰਮ ਸ਼ੁਰੂ ਕਰ ਦਿੰਦੇ ਹਨ?

80. ਲੇਖਕ ਅਨੁਸਾਰ ਕਿਹੜੀਆਂ ਚੀਜ਼ਾਂ ਇੱਕ ਥਾਂ ਨਹੀਂ ਹੋ ਸਕਦੀਆਂ?

81. ਜੇਕਰ ਸਾਡੇ ਦੇਸ ਵਿੱਚ ਰੌਲ਼ੇ-ਰੱਪੇ ਦੀ ਇਹੋ ਹਾਲਤ ਰਹੀ ਤਾਂ ਅਸੀਂ ਕੀ ਗੁਆ ਬੈਠਾਂਗੇ?

82. ਤਾਇਆ ਮਨਸਾ ਰਾਮ ਨੂੰ ਸਾਰਾ ਪਿੰਡ ਕੀ ਆਖਦਾ ਸੀ?

83. ਬਿਮਾਰੀ ਦੇ ਕੀਟਾਣੂ ਸਰੀਰ ਤੋਂ ਦੂਰ ਕਰਨ ਲਈ ਤਾਇਆ ਮਨਸਾ ਰਾਮ ਕੀ ਕਰਦਾ ਸੀ?

84. ਤਾਇਆ ਮਨਸਾ ਰਾਮ ਕੋਲ਼ ਕੌਣ ਖੇਡ ਰਿਹਾ ਸੀ?

85. ਵਹਿਮੀ ਤਾਇਆ ਮਨਸਾ ਰਾਮ ਨੇ ਟੈਟਨਸ ਦਾ ਟੀਕਾ ਕਿਉਂ ਲਗਵਾਇਆ?

86. ਬੇਬੇ ਜਦੋਂ ਘਰ ਵਿੱਚ ਹੁੰਦੀ ਸੀ ਤਾਂ ਲੇਖਕ ਨੂੰ ਦਿਨ ਕਿਹੋ-ਜਿਹੇ ਮਹਿਸੂਸ ਹੁੰਦੇ ਸਨ?

87. ਘਰੇਲੂ ਔਖ-ਸੌਖ ਵਿੱਚ ਕੌਣ ਲੇਖਕ ਦੇ ਪਰਿਵਾਰ ਦੀ ਮਦਦ ਕਰਦਾ ਸੀ?

88. "ਭਰੋਸਾ ਰੱਖੋ ਗੁਰੂ ਤੁਹਾਡੇ ਅੰਗ-ਸੰਗ ਹੈ।" ਬੇਬੇ ਦੇ ਕਹੇ ਇਹ ਸ਼ਬਦ ਲੇਖਕ ਦੇ ਮਨ ਨੂੰ ਕੀ ਢਾਰਸ ਦਿੰਦੇ ਸਨ?

89. ਜੇਕਰ ਬੇਬੇ ਇੱਕ ਜਿੰਦਰਾ ਸੀ ਤਾਂ ਇਸ ਜਿੰਦਰੇ ਦੀਆਂ ਕੁੰਜੀਆਂ ਕੌਣ ਸਨ?

90. ਮੋਰਾਂ, ਮੁਰਗਾਬੀਆਂ, ਕੂੰਜਾਂ ਨੂੰ ਮਾਰਨ ਵਾਲ਼ੇ ਪਿੰਡ ਦੇ ਪਾਪੀ ਲੋਕਾਂ ਨੂੰ ਬੇਬੇ ਕਿਸ ਨਾਲ਼ ਤੁਲਨਾ ਦਿੰਦੀ ਸੀ?

91. ਬੇਬੇ ਦੇ ਮਨ ਦੀ ਤਮੰਨਾ ਕੀ ਸੀ?

92. ਬੇਬੇ ਦੇ ਕਹਿਣ ਅਨੁਸਾਰ ਜਦੋਂ ਉਹ ਨਾ ਰਹੀ ਤਾਂ ਕੀ ਟੁੱਟ ਜਾਵੇਗੀ?

93. 'ਮੁੜ ਵੇਖਿਆ ਪਿੰਡ' ਹੇਠ ਲਿਖਿਆਂ ਵਿੱਚੋਂ ਕੀ ਹੈ?

94. ਲੇਖਕ ਦੇ ਛੋਟੇ ਭਰਾ ਦਾ ਕੀ ਨਾਂ ਸੀ?

95. ਲੇਖਕ ਭੇਰੇ ਦੇ ਕਿਸ ਦਰਵਾਜ਼ੇ ਦਾ ਜ਼ਿਕਰ ਕਰਦਾ ਹੈ?

96. ਲੇਖਕ ਆਪਣੇ ਘਰ ਜਾ ਕੇ ਕਿਸ ਨੂੰ ਯਾਦ ਕਰ ਰੋਣ ਲੱਗਦਾ ਹੈ?

97. ਭੇਰੇ ਗਲ਼ੀ ਦੀ ਨੁੱਕਰ 'ਤੇ ਕੀ ਹੁੰਦਾ ਸੀ?

98. 'ਮੁੜ ਵੇਖਿਆ ਪਿੰਡ' ਕਿਸ ਦੀ ਰਚਨਾ ਹੈ?

99. ਲੇਖਕ ਕਿੰਨੇ ਸਾਲ ਬਾਅਦ ਭੇਰੇ ਪਿੰਡ ਗਿਆ?

100. ਲੇਖਕ ਵੰਡ ਤੋਂ ਬਾਅਦ ਭੇਰੇ ਪਿੰਡ ਕਦੋਂ ਗਿਆ?

101. ਉੱਚੀ ਅਤੇ ਦਾਇਮੀ ਕਿਸਮ ਦੀ ਖ਼ੁਸ਼ੀ ਕਿਹੜੀ ਹੁੰਦੀ ਹੈ?

102. ਕਿਸ ਗੱਲ ਨੂੰ ਤਿਆਗ ਦੇਣਾ ਵੀ ਖ਼ੁਸ਼ੀ ਮਨਾਉਣ ਦਾ ਮੌਕਾ ਹੁੰਦਾ ਹੈ?

103. ਪਤੀ-ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ?

104. ਮਨੁੱਖ ਨੂੰ ਨਿੱਕੀਆਂ-ਨਿੱਕੀਆਂ ਗੱਲਾਂ, ਨਿੱਕੇ-ਨਿੱਕੇ ਰਿਸ਼ਤੇ ਕੀ ਦੇ ਸਕਦੇ ਹਨ?

105. ਖ਼ੁਸ਼ੀਆਂ ਕਿਸ ਪ੍ਰਕਾਰ ਆਉਂਦੀਆਂ ਹਨ?

106. ਹੇਠ ਲਿਖਿਆਂ ਵਿੱਚੋਂ ਖ਼ੁਸ਼ੀ ਪ੍ਰਾਪਤ ਕਰਨ ਦਾ ਕਿਹੜਾ ਸਾਧਨ ਨਹੀਂ ਹੈ?

107. ਆਧੁਨਿਕ ਸਮੇਂ ਵਿੱਚ ਖ਼ੁਸ਼ੀ ਦੇ ਮੌਕੇ ਕਿਹੜੇ ਹਨ?

108. ਕਿਹੜੀ ਗੱਲ ਜਿਸ ਨੂੰ ਅਸੀਂ ਅਸੂਲਾਂ ਦਾ ਨਾਂ ਦਿੰਦੇ ਹਾਂ, ਉਹ ਕਿਸੇ ਦੀ ਖ਼ੁਸ਼ੀ ਦੀ ਅੜਚਨ ਬਣਦੇ ਹਨ?

109. ਹੇਠਾਂ ਦਿੱਤੇ ਵਾਰਤਕ ਲੇਖਾਂ ਦਾ ਲੇਖਕਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਗਲ਼ੀ ਵਿੱਚ | ਡਾ. ਟੀ. ਆਰ.ਸ਼ਰਮਾ |
| ਵੱਡਿਆ ਦਾ ਆਦਰ | ਸੂਬਾ ਸਿੰਘ |
| ਢੋਲ-ਢਮੱਕਾ | ਲਾਲ ਸਿੰਘ ਕਮਲਾ ਅਕਾਲੀ |

| | |
|---|---|
| ਵਹਿਮੀ ਤਾਇਆ | ਲਾਲਾ ਬਿਹਾਰੀ ਲਾਲ ਪੁਰੀ |
| ਮੁੜ ਵੇਖਿਆ ਪਿੰਡ | ਪੰਡਤ ਸ਼ਰਧਾ ਰਾਮ ਫਿਲੌਰੀ |
| ਖੁਸ਼ੀਆਂ ਆਪੇ ਨਹੀਂ ਆਉਂਦੀਆਂ | ਡਾ.ਹਰਪਾਲ ਸਿੰਘ ਪੰਨੂੰ |
| ਬੇਬੇ ਜੀ | ਬਲਰਾਜ ਸਾਹਨੀ |
| ਤੁਰਨ ਦਾ ਹੁਨਰ | ਡਾ. ਬਲਬੀਰ ਸਿੰਘ |

110. ਗਊਮੁਖਾ-ਸ਼ੇਰਮੁਖਾ ਦੇ ਪਾਤਰ ਇੱਕ ਦੂਜੇ ਨਾਲ਼ ਸੰਵਾਦ ਰਚਾਉਂਦੇ ਹਨ। ਇਸ ਲਈ ਇਸਦਾ ਰੂਪ ਕੀ ਹੈ?

111. ਸੁਦਰਸ਼ਨ ਦੀਆਂ ਕਿਤਾਬਾਂ ਉੱਤੇ ਕਿੰਨਾ ਘੱਟਾ ਚੜ੍ਹਿਆ ਹੋਇਆ ਸੀ?

112. ਸ਼ਰਨ ਸਿੰਘ ਅਨੁਸਾਰ ਦਲਾਲੀ ਕਿਹੋ-ਜਿਹੀ ਚੀਜ਼ ਹੈ?

113. ਕਮਰੇ ਦਾ ਅਰਜ਼ ਅੱਗੋਂ ਵੱਡਾ ਅਤੇ ਪਿੱਛੋਂ ਛੋਟਾ ਹੁੰਦਾ ਹੈ, ਤਾਂ ਉਸ ਨੂੰ ........... ਮਕਾਨ ਕਿਹਾ ਜਾਂਦਾ ਹੈ।

114. ਦੱਲੀ ਵਿੱਚ ਤਾਂ ਲੋਕੀ ਨਿੱਕੇ-ਨਿੱਕੇ ਖੂੰਜੇ ਲਈ ਪਏ ਤਰਸਦੇ। 'ਖੂੰਜੇ' ਤੋਂ ਮਤਲਬ ਹੈ:

115. 'ਗਊਮੁਖਾ-ਸ਼ੇਰਮੁਖਾ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ?

116. ਸੁਦਰਸ਼ਨ ਨੇ ਕਿਹੜੀ ਜਮਾਤ ਪਾਸ ਕੀਤੀ ਹੈ?

117. 'ਹਕੂਮਤ ਗਰਮੀ ਦੀ, ਹੱਟੀ ਨਰਮੀ ਦੀ' ਵਿੱਚ ਨਰਮੀ ਤੋਂ ਕੀ ਭਾਵ ਹੈ?

118. ਸੁਦਰਸ਼ਨ ਕਿਸਨ ਦੇਈ ਨੂੰ ਕੀ ਕਹਿ ਕੇ ਬੁਲਾਉਂਦਾ ਸੀ?

119. ਕਿਸ਼ਨ ਦੇਈ ਨੇ ਆਪਣਾ ਮਕਾਨ ਕਿੰਨੇ ਰੁਪਏ ਵਿੱਚ ਵੇਚਿਆ?

120. 'ਪਰਤ ਆਉਣ ਤੱਕ' ਇਕਾਂਗੀ ਕਿਸ ਦੀ ਰਚਨਾ ਹੈ?

121. ਜਿੰਦਾ ਕਿੱਥੇ ਗਿਆ ਹੋਇਆ ਸੀ?

122. 'ਕੰਨਾਂ 'ਤੇ ਜੂੰ ਨਾ ਸਰਕਣਾ' ਮੁਹਾਵਰੇ ਦਾ ਕੀ ਅਰਥ ਹੈ?

123. ਲੋਕਾਂ ਨੇ ਸੁੰਦਰ ਹੁਣਾਂ ਦੀ ਅੱਲ ਚੁੱਪਕਿਆ ਕਿਉਂ ਪਾਈ ਹੋਈ ਸੀ?

124. ਸੰਤੀ ਤੇ ਕਰਤਾਰੀ ਦਾ ਆਪਸ ਵਿੱਚ ਕੀ ਰਿਸ਼ਤਾ ਸੀ?

125. 'ਪਰਤ ਆਉਣ ਤੱਕ' ਇਕਾਂਗੀ ਵਿੱਚ ਆਪਸ ਵਿੱਚ ਕਿਨ੍ਹਾਂ ਦੀ ਹਮੇਸ਼ਾਂ ਲੜਾਈ ਹੁੰਦੀ ਰਹਿੰਦੀ ਹੈ?

126. ਭੰਗਾਣੀ ਦਾ ਯੁੱਧ ਕਿਸ ਗੁਰੂ ਨਾਲ਼ ਸੰਬੰਧਿਤ ਹੈ?

127. ਸੰਤੀ ਜ਼ਮੀਨ ਵੇਚ ਕੇ ਕਿੱਥੇ ਜਾਣ ਲਈ ਕਹਿੰਦੀ ਹੈ?

128. ਪਰਤ ਆਉਣ ਤੱਕ ਇਕਾਂਗੀ ਦੇ ਕਿੰਨੇ ਦ੍ਰਿਸ਼ ਹਨ?

129. ਵੰਨਗੀ ਪਾਠ ਪੁਸਤਕ ਵਿੱਚ 'ਮੌਨਧਾਰੀ' ਸਾਹਿਤ ਦਾ ਕਿਹੜਾ ਰੂਪ ਹੈ?

130. 'ਮੌਨਧਾਰੀ' ਇਕਾਂਗੀ ਦਾ ਲੇਖਕ ਕੌਣ ਹੈ?

131. ਰਾਮ ਪਿਆਰੀ ਦੇ ਪਤੀ ਦਾ ਕੀ ਨਾਂ ਹੈ?

132. ਮਦਨ ਰਾਮ ਪਿਆਰੀ ਨੂੰ ਅੰਦਰ ਵੜ ਕੇ ਕੀ ਕਹਿੰਦਾ ਹੈ?

133. ਪੁਲਿਸ ਮਦਨ ਦੀ ਭਾਲ਼ ਕਿਉਂ ਕਰ ਰਹੀ ਸੀ?

134. ਦਫ਼ਤਰ ਵਿੱਚ ਕਿੰਨੇ ਪੈਸੇ ਚੋਰੀ ਹੋਏ ਸਨ?

135. ਹਰੀ ਚੰਦ ਅਨੁਸਾਰ ਉਸ ਦੀ ਬਿਮਾਰੀ ਠੀਕ ਨਾ ਹੋਣ ਦਾ ਕੀ ਕਾਰਨ ਸੀ?

136. ਰਾਮ ਪਿਆਰੀ ਮਦਨ ਨੂੰ ਕਿਉਂ ਪੁਲਿਸ ਤੋਂ ਬਚਾਉਣਾ ਚਾਹੁੰਦੀ ਸੀ?

137. ਸਾਧੂ ਅਨੁਸਾਰ ਔਸ਼ਧੀ ਕਿਵੇਂ ਲੈਣੀ ਹੈ?

138. ਸਭ ਤੋ ਉੱਤਮ ਔਸ਼ਧੀ ਕਿਹੜੀ ਹੈ?

139. ਵੰਨਗੀ ਪਾਠ ਪੁਸਤਕ ਵਿੱਚ ਗ਼ੁਬਾਰੇ ਸਾਹਿਤ ਦਾ ਕਿਹੜਾ ਰੂਪ ਹੈ?

140. ਬੱਚੇ ਚਾਵਾਂ ਨਾਲ਼ ਕਿਸ ਦੇ ਲਾਗੇ ਬਹਿੰਦੇ ਸਨ?

141. ਬੱਚੇ ਦਾਦੀ ਜੀ ਕੋਲ਼ ਬੈਠ ਕੇ ਕੀ ਸੁਣਦੇ ਸਨ?

142. ਚੰਦਰਮੁਖੀ, ਸ਼੍ਰਿੰਗਟੋਂ ਭੂਤ ਦੀ ਕੀ ਲੱਗਦੀ ਹੈ?

143. ਇਕਾਂਗੀ ਵਿੱਚ ਚਾਬੀਆਂ ਖੜਕਾਉਣਾ, ਗੰਜਾ ਸਿਰ ਭਾਰ ਰੱਖਣਾ ਕੀ ਮੰਨੇ ਜਾਂਦੇ ਹਨ?

144. 'ਬਿੱਲੀ ਦਾ ਰਸਤਾ ਕੱਟਣਾ', 'ਨਿੱਛ ਮਾਰਨਾ' ਜਾਂ 'ਲੰਬੜ ਮੱਥੇ ਲੱਗਣਾ' ਦਾ ਕੀ ਭਾਵ ਹੈ?

145. 'ਗ਼ੁਬਾਰੇ' ਇਕਾਂਗੀ ਕਿਸ ਦਾ ਲਿਖਿਆ ਹੈ?

146. ਭੂਤ ਦੀ ਕਹਾਣੀ ਸੁਣ ਕੇ ਕੌਣ ਰੋਣ ਲੱਗ ਜਾਂਦਾ ਹੈ?

147. ਇਕਾਂਗੀ ਵਿੱਚ ਕਿਹੜੀ ਖੇਡ ਦਾ ਜ਼ਿਕਰ ਨਹੀਂ ਆਇਆ?

148. ਮੈਡਮ ਬੱਚਿਆਂ ਦੇ ਮਨ ਵਿੱਚੋਂ ਡਰ ਕੱਢਣ ਲਈ ਕੀ ਸੁਣਾਉਂਦੀ ਹੈ?

149. 'ਸਿਰਜਣਾ' ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ?

150. ਕੁਲਦੀਪ ਆਪਣੀ ਪਤਨੀ ਸਿਰਜਨਾ ਨੂੰ ਫ਼ੋਨ 'ਤੇ ਕਿਸ ਦੀ ਮਰਜ਼ੀ ਅਨੁਸਾਰ ਚੱਲਣ ਲਈ ਕਹਿੰਦਾ ਹੈ?

151. ਬੀਜੀ ਤੇ ਸਿਰਜਨਾ ਹਸਪਤਾਲ ਵਿੱਚ ਕਿਹੜੇ ਕੰਮ ਲਈ ਗਈਆਂ ਸਨ?

152. ਇਸ ਇਕਾਂਗੀ ਵਿੱਚ ਸਿਰਜਨਾ ਕਿਸ ਕੰਮ ਦਾ ਵਿਰੋਧ ਕਰਦੀ ਹੈ?

153. ਇਸ ਇਕਾਂਗੀ ਵਿੱਚ ਸਿਰਜਨਾ ਨੇ 'ਸਿਰਜਣਾ' ਸ਼ਬਦ ਕਿਸ ਲਈ ਵਰਤਿਆ ਹੈ?

154. 'ਸਿਰਜਣਾ' ਇਕਾਂਗੀ ਦਾ ਮੁੱਖ ਪਾਤਰ ਕੌਣ ਹੈ?

155. ਵੰਨਗੀ ਪਾਠ-ਪੁਸਤਕ ਵਿੱਚ ਦਰਜ 'ਸਿਰਜਣਾ' ਸਾਹਿਤ ਦਾ ਕਿਹੜਾ ਰੂਪ ਹੈ?

156. 'ਸਿਰਜਨਾ' ਪਰੇਸ਼ਾਨੀ ਵਿੱਚ ਕੀ ਕਰਦੀ ਸੀ?

157. ਇਸ ਇਕਾਂਗੀ ਵਿੱਚ ਸਿਰਜਨਾ ਸਮਾਜ ਨੂੰ ਕੀ ਸੁਨੇਹਾ ਦਿੰਦੀ ਹੈ?

158. ਹਸਪਤਾਲ ਦੀ ਸਫ਼ਾਈ-ਸੇਵਿਕਾ ਕੌਣ ਹੈ?

159. ਹੇਠਾਂ ਦਿੱਤੀਆਂ ਇਕਾਂਗੀਆਂ ਦਾ ਇਕਾਂਗੀਕਾਰਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਗਊਮੁਖਾ-ਸ਼ੇਰਮੁਖਾ | ਡਾ. ਆਤਮਜੀਤ |
| ਪਰਤ ਆਉਣ ਤੱਕ | ਪਾਲੀ ਭੁਪਿੰਦਰ |
| ਮੌਨਧਾਰੀ | ਡਾ. ਸਤੀਸ਼ ਕੁਮਾਰ ਵਰਮਾ |
| ਗ਼ੁਬਾਰੇ | ਗੁਰਚਰਨ ਸਿੰਘ ਜਸੂਜਾ |
| ਸਿਰਜਣਾ | ਈਸ਼ਵਰ ਚੰਦਰ ਨੰਦਾ |

160. 'ਸਾਂਝੀ ਕੰਧ' ਕਹਾਣੀ ਦੇ ਕਹਾਣੀਕਾਰ ਦਾ ਨਾਂ ਲਿਖੋ?

161. ਕਪੂਰ ਤੇ ਦਰਬਾਰੇ ਦਾ ਕੀ ਰਿਸ਼ਤਾ ਸੀ?

162. ਸਾਰਾ ਪਿੰਡ ਕਿਸ ਨੂੰ ਕੋਸ ਰਿਹਾ ਸੀ?

163. "ਜਦ ਕੰਧਾਂ ਦੇ ਸਮੇਂ ਆਉਣਗੇ, ਕੰਧਾਂ ਦੇਖੀ ਜਾਣਗੀਆਂ", ਇਹ ਸ਼ਬਦ ਕਿਸ ਨੇ ਕਹੇ?

164. ਸਾਂਝੀ ਕੰਧ ਦਾ ਖ਼ਰਚਾ ਦਰਬਾਰੇ ਨੇ ਕਪੂਰ ਸਿੰਘ ਨੂੰ ਕਿੰਨੀਆਂ ਕਿਸ਼ਤਾਂ ਵਿੱਚ ਦੇਣਾ ਮੰਨਿਆ ਸੀ?

165. ਦਰਬਾਰੇ ਨੂੰ ਕਿਹੜੀ ਬਿਮਾਰੀ ਨੇ ਜਕੜ ਲਿਆ ਸੀ?

166. ਦਰਬਾਰੇ ਨੇ ਕਪੂਰ ਸਿੰਘ ਦੇ ਕੀ ਮਾਰਿਆ?

167. ਕਪੂਰ ਸਿੰਘ ਨੇ ਕਿੰਨੇ ਰੁਪਏ ਦਾ ਨੋਟ ਕੱਢ ਕੇ ਦਰਬਾਰੇ ਦੀ ਜੇਬ ਵਿੱਚ ਪਾ ਦਿੱਤਾ?

168. ਕਪੂਰ ਸਿੰਘ ਦੇ ਘਰ ਦੀ ਸੱਜੇ ਪਾਸੇ ਦੀ ਕੰਧ ਕਿਸ ਨਾਲ਼ ਸਾਂਝੀ ਸੀ?

169. ਦਰਬਾਰੇ ਦੀ ਬਿਮਾਰੀ ਦਾ ਕਪੂਰ ਸਿੰਘ ਨੂੰ ਕਿਸ ਤੋਂ ਪਤਾ ਲੱਗਿਆ?

170. ਬੱਸ ਵਿੱਚ ਚੜ੍ਹੀ ਮਾਈ ਨੇ ਕਿੰਨੇ ਪੈਸੇ ਕਿਰਾਏ ਦੇ ਦੇਣੇ ਸਨ?

171. ਬੱਸ ਕੰਡਕਟਰ ਕਹਾਣੀ ਦੇ ਲੇਖਕ ਦਾ ਕੀ ਨਾਂ ਹੈ?

172. ਪਾਲੀ ਦੀ ਬਦਲੀ ਕਿੱਥੇ ਹੋ ਗਈ ਸੀ?

173. ਪਾਲੀ ਕੀ ਕੰਮ ਕਰਦੀ ਸੀ?

174. ਪਾਲੀ ਨੇ ਟਿਕਟ ਲੈਣ ਲਈ ਕਿੰਨੇ ਪੈਸੇ ਕੱਢੇ?

175. ਜੀਤ ਦੀ ਤਨਖ਼ਾਹ ਕਿੰਨੀ ਸੀ?

176. ਜੀਤ ਕੰਡਕਟਰ ਦੀ ਭੈਣ ਦਾ ਕੀ ਨਾਂ ਸੀ?

177. ਪਾਲੀ ਨੂੰ ਦੇਖ ਕੇ ਜੀਤ ਕਿਸ ਨੂੰ ਯਾਦ ਕਰਦਾ ਹੈ?

178. ਮੋਹ ਭਿੱਜੀਆਂ ਨਜ਼ਰਾਂ ਦਾ ਅਰਥ ਹੈ -

179. ਪਾਲੀ ਅਗਲੇ ਦਿਨ ਕਿੰਨੇ ਮਿੰਟ ਦੇਰ ਨਾਲ਼ ਗਈ?

180. 'ਲੋਹਾ-ਲਾਖਾ ਹੋਣਾ' ਦਾ ਅਰਥ ਹੈ -

181. ਲੋਕ ਮੋਹਨ ਨੂੰ ਕੀ ਸਮਝਣ ਲੱਗੇ?

182. 'ਬਾਕੀ ਸਭ ਸੁੱਖ-ਸਾਂਦ ਹੈ' ਕਹਾਣੀ ਦਾ ਲੇਖਕ ਕੌਣ ਹੈ?

183. ਜਾਗਰ ਕਿੱਥੇ ਨੌਕਰੀ ਕਰਦਾ ਸੀ?

184. ਦੀਪੋ ਕੌਣ ਸੀ?

185. ਮੋਹਨ ਸਿੰਘ ਚਿੱਠੀਆਂ ਵਿੱਚ ਕੀ ਲਿਖ ਕੇ ਦੁਖੀ ਹੋ ਜਾਂਦਾ ਸੀ?

186. ਮੋਹਨ ਸਿੰਘ ਕਿਹੜੀ ਜਮਾਤ ਤੋਂ ਚਿੱਠੀਆਂ ਲਿਖਣ ਲੱਗ ਪਿਆ ਸੀ?

187. ਕਹਾਣੀ ਵਿੱਚ ਮੱਝ ਦੀ ਪੂਛ ਨੂੰ ਕਿਹੜੀ ਬਿਮਾਰੀ ਲੱਗ ਜਾਂਦੀ ਹੈ?

188. ਪੁਰਾਣੇ ਸਮੇਂ ਵਿੱਚ ਸੰਚਾਰ ਦਾ ਕਿਹੜਾ ਸਾਧਨ ਵਰਤਿਆ ਜਾਂਦਾ ਸੀ?

189. ਜਾਗਰ ਦੀ ਪਤਨੀ ਕੌਣ ਸੀ?

190. ਹਰ ਕੌਰ ਨੇ ਕਾੜ੍ਹਨੀ ਵਿੱਚ ਕੀ ਰੱਖਿਆ ਹੋਇਆ ਸੀ?

191. ਹਰ ਕੌਰ ਜਾਗਰ ਦੀ ਨੌਕਰੀ ਬਾਰੇ ਕੀ ਚਾਹੁੰਦੀ ਸੀ?

192. ਹੇਠਾਂ ਦਿੱਤੀਆਂ ਕਹਾਣੀਆਂ ਦਾ ਕਹਾਣੀਕਾਰਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਕੱਲੋ | ਸਵਿੰਦਰ ਸਿੰਘ ਉੱਪਲ |
| ਜਨਮ-ਦਿਨ | ਨਵਤੇਜ ਸਿੰਘ |
| ਬਸ਼ੀਰਾ | ਨਾਨਕ ਸਿੰਘ |
| ਮੁਰਕੀਆਂ | ਮੋਹਨ ਭੰਡਾਰੀ |
| ਸਾਂਝੀ ਕੰਧ | ਡਾ. ਦਲੀਪ ਕੌਰ ਟਿਵਾਣਾ |
| ਬੱਸ ਕੰਡਕਟਰ | ਸੰਤੋਖ ਸਿੰਘ ਧੀਰ |
| ਬਾਕੀ ਸਭ ਸੁੱਖ-ਸਾਂਦ ਹੈ | ਨੌਰੰਗ ਸਿੰਘ |

193. ਨਾਵਲ ਵਿੱਚ ਆਈ ਅਖਾਣ 'ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ' ਵਿੱਚ ਕਿਹੜੇ ਦੋ ਦੇਸਾਂ ਦਾ ਜ਼ਿਕਰ ਹੋਇਆ ਹੈ?

194. ਬੰਤੇ ਦੇ ਰਿਕਸ਼ੇ ਵਿੱਚ ਬੈਠੇ ਅੱਸੀ ਸਾਲਾਂ ਬਾਬੇ ਦੇ ਜਲ੍ਹਿਆਂ ਵਾਲ਼ੇ ਕਾਂਡ ਵਿੱਚ ਕਿੱਥੇ ਗੋਲ਼ੀ ਲੱਗੀ ਸੀ?

195. ਬੰਤੇ ਦੀ ਸੋਚ ਅਨੁਸਾਰ ਕਿੰਨੇ ਲੱਖ ਜੂਨਾਂ ਭੋਗ ਕੇ ਬੰਦੇ ਦੀ ਜੂਨ ਮਿਲ਼ਦੀ ਹੈ?

196. ਬੰਤਾ, ਦਿਆਲੇ ਦੇ ਰਿਕਸ਼ੇ 'ਚ ਬੈਠ ਕੇ ਉਸ ਨੂੰ ਕਿਹੜਾ ਗੀਤ ਸੁਣਾਉਂਦਾ ਹੈ?

197. ਬੰਤਾ, ਤਾਰੋ ਅਤੇ ਮਾਂ ਨੂੰ ਕਿਹੜੇ ਗੁਰਦੁਆਰੇ ਲੈ ਕੇ ਜਾਂਦਾ ਹੈ?

198. ਬਸੰਤ ਪੰਚਮੀ ਵਾਲ਼ੇ ਦਿਨ ਲੋਕ ਕਿਹੜੇ ਰੰਗ ਦੇ ਕੱਪੜੇ ਪਹਿਨਦੇ ਹਨ?

199. ਬੰਤਾ ਅਤੇ ਤਾਰੋ ਆਪਣੇ ਪੁੱਤਰ ਅਤੇ ਧੀਆਂ ਵਿੱਚ ਕੋਈ ............... ਨਹੀਂ ਕਰਦੇ।

200. ਹਾਲ ਬਜ਼ਾਰ ਵਿੱਚ ਕਿਹੋ-ਜਿਹੇ ਕੋਟ ਵਿਕਦੇ ਸਨ?

201. ਸਤਰ ਪੂਰੀ ਕਰੋ- ਚਰਖੇ ਦੀ ਘੂਕ ਸੁਣ ਕੇ, ............ਉੱਤਰ ਪਹਾੜੋਂ ਆਇਆ।

202. ਨਾਵਲ 'ਇੱਕ ਹੋਰ ਨਵਾਂ ਸਾਲ' ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?

203. ਉੱਲੂ ਸਿੱਧਾ ਕਰਨਾ' ਮੁਹਾਵਰੇ ਦਾ ਕੀ ਅਰਥ ਹੈ?

204. ਬੰਤਾ ਬਿਸਤਰਾ ਛੱਡਣ ਤੋਂ ਪਹਿਲਾਂ ਕਿਸ ਚੀਜ਼ ਦੀ ਮੰਗ ਕਰਦਾ ਹੈ?

205. ਬੰਤੇ ਦੀ ਮਾਂ ਕਿੱਥੇ ਰਹਿੰਦੀ ਹੈ?

206. ਜਲ੍ਹਿਆਂ ਵਾਲ਼ੇ ਬਾਗ਼ ਵਿੱਚ ਕਿਨ੍ਹਾਂ ਦਾ ਖ਼ੂਨ ਡੁੱਲ੍ਹਿਆ ਸੀ?

207. ਬੰਤੇ ਨੇ ਰਿਕਸ਼ੇ ਵਿੱਚ ਬੈਠੇ ਭਲਵਾਨ ਨੂੰ ਕਿਹੜੇ ਮੰਦਰ ਕੋਲ਼ੋਂ ਬਿਠਾਇਆ?

208. ਬੰਤਾ ਆਪਣੀ ਮਾਂ ਦੀ ਕਿਹੜੀ ਬਿਮਾਰੀ ਬਾਰੇ ਸੋਚਦਾ ਹੈ?

209. ਚੰਡੀਗੜ੍ਹ ਤੋਂ ਬੰਤੇ ਦੇ ਰਿਕਸ਼ੇ ਵਿੱਚ ਸਵਾਰ ਸਰਦਾਰ ਕਿਹੜੇ ਕੰਮ ਲਈ ਜਾ ਰਿਹਾ ਸੀ?

210. ਬੰਤੇ ਨੇ ਚਪੜਾਸੀ ਦੀ ਨੌਕਰੀ ਕਿਉਂ ਛੱਡੀ?

211. ਲਾਜੋ ਦੇ ਪਤੀ ਨੂੰ ਕਿਹੜੀ ਬਿਮਾਰੀ ਸੀ?

212. ਨਾਵਲ ਦਾ ਪਾਤਰ ਮਹੇਸ਼ੀ ਹਰ ਐਤਵਾਰ ਕਿੱਥੇ ਜਾਂਦਾ ਸੀ?

213. ਬੰਤੇ ਨੂੰ ਅਖ਼ਬਾਰ ਪੜ੍ਹਨ ਲਈ ਕਿਸ ਨੇ ਕਿਹਾ ਸੀ?

214. ਫੁੰਮਣ ਦਾ ਰਿਕਸ਼ੇ ਦੀ ਟੱਲੀ ਵਜਾਉਣਾ ਬੰਤੇ ਨੂੰ ਕਿਉਂ ਚੰਗਾ ਨਹੀਂ ਲੱਗਦਾ?

215. ਫੁੰਮਣ ਬੰਤੇ ਕੋਲ਼ ਕਿਹੜਾ ਪਾਠ ਪੜ੍ਹਨ ਲਈ ਆਉਂਦਾ ਹੈ?

216. ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ?

217. ਬੰਤੇ ਨੇ ਫੁੰਮਣ ਨੂੰ ਬਾਹਰ ਖੋਖੇ ਤੋਂ ਕੁਝ ਖਾਣ ਲਈ ਕਿੰਨੇ ਪੈਸੇ ਦਿੱਤੇ ਸਨ?

218. ਬੰਤਾ ਦੁਪਹਿਰੇ ਜਦੋਂ ਘਰ ਆਇਆ ਤਾਂ ਤਾਰੋ ਧੁੱਪ ਵਿੱਚ ਬੈਠੀ ਕੀ ਕਰ ਰਹੀ ਸੀ?

219. ਬੰਤੇ ਨੂੰ ਕਿਸ ਦਾ ਚੁੱਪ-ਚੱਪ ਰਹਿਣਾ ਚੰਗਾ ਨਹੀਂ ਸੀ ਲੱਗਦਾ?

220. ਬੰਤੇ ਨੂੰ ਤਾਰੋ ਦੀਆਂ ਅੱਖਾਂ ਵਿੱਚ ਕੀ ਦਿਖਾਈ ਦਿੰਦਾ ਹੈ?

221. ਤਾਰੋ ਬੰਤੇ ਦੀ ਮਾਮੀ ਦੀ ਕੀ ਲੱਗਦੀ ਸੀ?

222. ਬੰਤੇ ਦਾ ਮੰਗਣਾ ਕਿਸ ਨਾਲ਼ ਹੋਇਆ ਸੀ?

223. ਬੰਤੇ ਦਾ ਮੰਗਣਾ ਕਦੋਂ ਹੋਇਆ ਸੀ?

224. ਬੰਤਾ ਬਸੰਤ ਪੰਚਮੀ ਨੂੰ ਕਿਹੜੇ ਗੁਰਦੁਆਰੇ ਗਿਆ?

225. ਕਿਸ ਗੱਲ ਨੇ ਬੰਤੇ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ?

226. ਬੰਤੇ ਨੂੰ ਕਿਹੜੀ ਮਾਮੀ ਬਹੁਤ ਚੰਗੀ ਲੱਗਦੀ ਸੀ?

227. ਬੰਤੇ ਨੂੰ ਨਾਨਕਿਆਂ ਵਿੱਚ ਸਭ ਤੋਂ ਵੱਧ ਕੌਣ ਪਿਆਰ ਕਰਦਾ ਸੀ?

228. ਇਸ ਨਾਵਲ ਵਿੱਚ ਕਿਸ ਖ਼ਾਸ ਦਿਨ ਦੀ ਗੱਲ ਕੀਤੀ ਗਈ ਹੈ?

229. ਨੱਥੂ ਦੀ ਪਤਨੀ ਦੀ ਮਦਦ ਕਿਵੇਂ ਕੀਤੀ ਗਈ?

230. ਨਵੇਂ ਸਾਲ ਵਾਲ਼ੇ ਦਿਨ ਦੱਬ ਕੇ ਕਮਾਈ ਕਰਨ ਨਾਲ਼ ਕੀ ਹੋਵੇਗਾ?

231. ਫੱਤੂ ਦਾ ਸ਼ੌਕ ਕੀ ਸੀ?

232. ‘ਜਿੱਥੇ ਦੋ ਭਾਂਡੇ ਹੋਣ, ਇੱਕ-ਦੂਜੇ ਨਾਲ਼ ............ ਹੀ ਹਨ।’ ਅਖਾਣ ਪੂਰਾ ਕਰੋ।

233. ‘ਲੇਫ’ ਸ਼ਬਦ ਦਾ ਅਰਥ ਹੈ –

234. ‘ਧੱਫ਼ੇ ਮਾਰਨਾ’ ਸ਼ਬਦ ਦਾ ਅਰਥ ਹੈ –

235. “ਫੜ ਲੈ ਯਾਰ, ਇਨਾਮ ਦੀ ਤਾਂ ਚਪੇੜ ਵੀ ਚੰਗੀ ਲੱਗਦੀ ਐ।” ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ।

236. ਤਾਰੋ ਨੇ ਬੰਤੇ ਨੂੰ ਕਿੰਨੇ ਪੈਸਿਆਂ ਦਾ ਗੁੜ ਲਿਆਉਣ ਲਈ ਕਿਹਾ?

237. ਬੰਤਾ ਕਿਸ ਗੱਲ ਨੂੰ ਬਹੁਤ ਮਾੜਾ ਸਮਝਦਾ ਸੀ?

238. ਤਾਰੋ ਤੇ ਬੰਤੇ ਦੇ ਝਗੜੇ ਦਾ ਮੂਲ ਕਾਰਨ ਕੀ ਸੀ?

239. ਘਰ ਦੀ ਆਰਥਿਕ ਤੰਗੀ ਕਾਰਨ ਬੰਤਾ ਕਿੱਥੇ ਜਾ ਕੇ ਕਮਾਈ ਕਰਨ ਬਾਰੇ ਸੋਚਦਾ ਹੈ?

## ਜਮਾਤ-ਨੌਂਵੀਂ, ਪੇਪਰ: ਪੰਜਾਬੀ-ਬੀ

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਮਾਂ: 3 ਘੰਟੇ** **ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 11 ਪ੍ਰਸ਼ਨ ਹੋਣਗੇ। ਸਾਰੇ ਹੱਲ ਕਰਨੇ ਲਾਜ਼ਮੀ ਹੋਣਗੇ।**

**ਪ੍ਰਸ਼ਨ 1.** ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ। (ਇਸ ਵਿੱਚੋਂ ਪ੍ਰਸ਼ਨ ਨੰ. 5, 6, 7, 8, 9, 10 ਅਤੇ 11 ਵਿੱਚੋਂ ਵਸਤੂਨਿਸ਼ਠ ਕਿਸਮ ਦੇ 10 ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ।) **10×1=10**

**ਪ੍ਰਸ਼ਨ 2.** ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗਪਗ 400 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। 3 ਅੰਕ ਵਿਸ਼ਾ ਵਸਤੂ ਦੇ ਅਤੇ 7 ਅੰਕ ਪ੍ਰਗਟਾਅ-ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ, ਮੁਹਾਵਰੇ ਆਦਿ ਦੇ ਹਨ। **10**

**ਪ੍ਰਸ਼ਨ 3.** ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। 2 ਅੰਕ ਅਰੰਭ ਦੇ, 3 ਅੰਕ ਮੱਧ ਦੇ ਅਤੇ 1 ਅੰਕ ਅੰਤ ਦਾ ਹੈ। **2+4+2= 8**

**ਪ੍ਰਸ਼ਨ 4.** ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ 'ਤੇ ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਲਿਖਣ ਲਈ ਕਿਹਾ ਜਾਵੇਗਾ। **1×6=6**

**ਪ੍ਰਸ਼ਨ 5.** ਪਾਠ-ਪੁਸਤਕ ਵਿੱਚੋ ਕੋਈ 5 ਮੁਹਾਵਰੇ ਅਤੇ 3 ਅਖਾਉਤਾਂ ਦੇ ਕੇ ਕੋਈ 5 ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। ਹਰੇਕ ਦੇ 2 ਅੰਕ ਹਨ। **5×2=10**

**ਪ੍ਰਸ਼ਨ 6.** ਵਿਆਕਰਨ (ਕਾਂਡ-1), ਭਾਸ਼ਾ ਅਤੇ ਪੰਜਾਬੀ ਭਾਸ਼ਾ (ਕਾਂਡ-2) ਵਿੱਚੋਂ ਇੱਕ-ਇੱਕ ਪਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **1×5=5**

**ਪ੍ਰਸ਼ਨ 7.** ਸ਼ਬਦ-ਰਚਨਾ ਨਾਲ਼ ਸੰਬੰਧਿਤ ਦੋ ਪਸ਼ਨ ਦੇ ਕੇ (ਉਦਾਹਰਨਾਂ ਸਹਿਤ ਪਰਿਭਾਸ਼ਾ) ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **3**

**ਪ੍ਰਸ਼ਨ 8.** ਕਾਰਕ ਦੀਆਂ ਕੋਈ ਦੋ ਕਿਸਮਾਂ ਦੇ ਕੇ ਕਿਸੇ ਇੱਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। **3**

**ਪ੍ਰਸ਼ਨ 9.** ਕੋਈ ਦੋ ਵਾਕ ਦੇ ਕੇ ਬ੍ਰੈਕਟਾਂ ਵਿੱਚ ਪੁੱਛੇ ਅਨੁਸਾਰ ਵਾਕ-ਵਟਾਂਦਰਾ ਕਰਨ ਲਈ ਕਿਹਾ ਜਾਵੇਗਾ। ਹਰੇਕ ਵਾਕ ਦੋ-ਦੋ ਅੰਕ ਦਾ ਹੋਵੇਗਾ। **2+2= 4**

**ਪ੍ਰਸ਼ਨ 10.** ਕੋਈ ਦੋ ਵਾਕ ਦੇ ਕੇ ਵਾਕਾਂ ਵਿਚਲੇ ਅਸ਼ੁੱਧ ਸ਼ਬਦ-ਜੋੜ ਸ਼ੁੱਧ ਕਰਨ ਲਈ ਕਿਹਾ ਜਾਵੇਗਾ। **2+2= 4**

**ਪ੍ਰਸ਼ਨ 11:** ਇੱਕ ਸ਼ਬਦ ਨੂੰ ਅਗੇਤਰ ਅਤੇ ਇੱਕ ਨੂੰ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉਣ ਲਈ ਕਿਹਾ ਜਾਵੇਗਾ। **1+1= 2**

**ਨਿਰਧਾਰਿਤ ਪਾਠ-ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ (ਪੰਜਾਬ ਸਕੂਲ ਸਿਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**

1. ਸਾਡੇ ਸੰਵਿਧਾਨ ਅਨੁਸਾਰ ਭਾਰਤ ਦੀਆਂ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?

2. ਉਪਬੋਲੀ ਕੀ ਹੁੰਦੀ ਹੈ?

3. ਜਿਹੜੀ ਭਾਸ਼ਾ ਬੱਚਾ ਆਪਣੇ ਜਨਮ ਤੋਂ ਹੀ ਆਪਣੀ ਮਾਂ ਕੋਲੋਂ ਸਿੱਖਦਾ ਹੈ, ਉਸ ਨੂੰ ......... ਭਾਸ਼ਾ ਕਹਿੰਦੇ ਹਨ।

4. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ?

5. ਕਿਸੇ ਭਾਸ਼ਾ-ਖੇਤਰ ਦੇ ਕੇਂਦਰੀ ਇਲਾਕੇ ਦੀ ਭਾਸ਼ਾ ਕਿਹੜੀ ਹੁੰਦੀ ਹੈ?

6. 'ਦੁਆਬ' ਸ਼ਬਦ ਦਾ ਕੀ ਅਰਥ ਹੈ?

7. ਰਾਵੀ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਉਪਬੋਲੀ ਬੋਲੀ ਜਾਂਦੀ ਹੈ?

8. ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?

9. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਮਿਟਦੇ ਜਾ ਰਹੇ ਹਨ?

10. ਕੰਮ-ਚਲਾਊ ਭਾਸ਼ਾ ਨੂੰ ਕੀ ਕਹਿੰਦੇ ਹਨ?

11. ਵਾਕ ਵਿੱਚ ਕਾਰਕ ਦੀ ਬਣਤਰ ਨੂੰ ਕਿਵੇਂ ਉਜਾਗਰ ਕੀਤਾ ਜਾਂਦਾ ਹੈ?

12. ਕਾਰਕ ਦੀਆਂ ਕਿੰਨੀਆਂ ਕਿਸਮਾਂ ਹਨ?

13. ਕਾਰਕਾਂ ਨਾਲ਼ ਆਉਣ ਵਾਲ਼ੇ ਸੰਬੰਧਕਾਂ ਨੂੰ ਕੀ ਕਿਹਾ ਜਾਂਦਾ ਹੈ?

14. ਕਿਰਿਆ ਨੂੰ ਕਰਨ ਵਾਲ਼ਾ ਨਾਂਵ ਕਿਹੜਾ ਕਾਰਕ ਹੁੰਦਾ ਹੈ?

15. ਕਰਤਾ-ਕਾਰਕ ਦਾ ਸਥਾਨ ਕਿੱਥੇ ਹੁੰਦਾ ਹੈ?

16. ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਕਰਮ ਦਾ ਸਥਾਨ ਕਿੱਥੇ ਆਉਂਦਾ ਹੈ?

17. ਵਾਕ-ਪੱਧਰ ਉੱਤੇ ਕਿਸੇ ਕਾਰਜ ਦੇ ਹੋਣ ਦੇ ਸਾਧਨ ਜਾਂ ਢੰਗ ਨੂੰ ਕਿਹੜਾ ਕਾਰਕ ਉਜਾਗਰ ਕਰਦਾ ਹੈ?

18. ਸੰਪਰਦਾਨ ਸ਼ਬਦ ਦਾ ਅਰਥ ਕੀ ਹੈ?

19. ਵਾਕ ਦਾ ਕਰਤਾ ਜਿਸ ਨਾਂਵ ਜਾਂ ਪੜਨਾਂਵ ਲਈ ਕੋਈ ਕੰਮ ਕਰਦਾ ਹੈ, ਉਸ ਨੂੰ ਕਿਹੜਾ ਕਾਰਕ ਕਿਹਾ ਜਾਂਦਾ ਹੈ?

20. ਕਿਹੜਾ ਕਾਰਕ ਕਿਸੇ ਵਿਚਾਰ ਜਾਂ ਕਾਰਜ, ਸਥਾਨ ਤੋਂ ਵਿਛੜਨ ਜਾਂ ਵੱਖ ਹੋਣ ਦੇ ਭਾਵ ਨੂੰ ਪ੍ਰਗਟ ਕਰਦਾ ਹੈ?

21. ਅਧਿਕਰਨ ਸ਼ਬਦ ਦਾ ਅਰਥ ਕੀ ਹੈ?

22. 'ਬੱਚਾ ਦੁੱਧ ਪੀਂਦਾ ਹੈ।' ਵਾਕ ਵਿੱਚ ਨਾਂਵ 'ਬੱਚਾ' ਕਿਹੜੇ ਕਾਰਕ ਵਿੱਚ ਆਉਂਦਾ ਹੈ?

23. 'ਉਹ ਕਾਰ ਰਾਹੀਂ ਘਰ ਪਹੁੰਚਿਆ।' ਵਾਕ ਵਿੱਚੋਂ ਕਰਨ-ਕਾਰਕ ਦਾ ਨਾਂਵ ਜਾਂ ਪੜਨਾਂਵ ਚੁਣੋ:

24. ਸੰਬੰਧਕ 'ਦਾ' ਕਿਹੜੇ ਕਾਰਕ ਨਾਲ਼ ਕਾਰਕ-ਚਿੰਨ੍ਹ ਵਜੋਂ ਆਉਂਦਾ ਹੈ?

25. ਸ਼ਬਦ 'ਮੁੰਡੇ' ਦਾ ਸੰਬੋਧਨੀ ਰੂਪ ਚੁਣੋ:

26. ਵਿਆਕਰਨ ਦੇ ਕਿਸ ਭਾਗ ਅਧੀਨ ਵਾਕ-ਰਚਨਾ ਦੇ ਨਿਯਮਾਂ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ?

27. ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਕਿਸ ਨੂੰ ਮੰਨਿਆ ਜਾਂਦਾ ਹੈ?

28. ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਕਿਸ ਨੂੰ ਮੰਨਿਆ ਜਾਂਦਾ ਹੈ?

29. ਵਾਕ ਦਾ ਜ਼ਰੂਰੀ ਹਿੱਸਾ ਕਿਹੜਾ ਹੈ?

30. ਵਿਧੇਅ ਦਾ ਲਾਜ਼ਮੀ ਤੱਤ ਕਿਹੜਾ ਹੈ?

31. ਸਹਾਇਕ ਕਿਰਿਆ ਕਿਸ ਦੀ ਭੂਮਿਕਾ ਨਿਭਾਉਂਦੀ ਹੈ?

32. ਵਾਕ ਵਿੱਚ ਸੰਬੰਧਕ ਕਿਸ ਦੀ ਭੂਮਿਕਾ ਨਿਭਾਉਂਦੇ ਹਨ?

33. ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਕੀ ਕਹਿੰਦੇ ਹਨ?

34. ਕਿੰਨੀਆਂ ਸ਼ਬਦ-ਸ਼੍ਰੇਣੀਆਂ ਵਾਕਾਂਸ਼ ਦੀ ਭੂਮਿਕਾ ਨਿਭਾਉਂਦੀਆਂ ਹਨ?

35. ਬਣਤਰ ਦੇ ਆਧਾਰ ਉੱਤੇ ਉਪਵਾਕ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

36. ਬਣਤਰ ਦੇ ਆਧਾਰ ਉੱਤੇ ਵਾਕ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

37. ਕਾਰਜ ਦੇ ਆਧਾਰ ਉੱਤੇ ਵਾਕ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

38. ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ ਹੋਵੇ, ਉਹ .................. ਵਾਕ ਅਖਵਾਉਂਦਾ ਹੈ।

39. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?

40. ਜਿਨ੍ਹਾਂ ਸ਼ਬਦਾਂ ਰਾਹੀਂ ਅਸੀਂ ਚੀਜ਼ਾਂ, ਮਨੁੱਖਾਂ ਅਤੇ ਥਾਂਵਾਂ ਦੇ ਨਾਂ ਲੈਂਦੇ ਹਾਂ, ਉਹ ਕੀ ਅਖਵਾਉਂਦੇ ਹਨ?

41. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?

42. ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?

43. ਵਿਆਕਰਨ ਦੇ ਕਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ?

44. ਭਾਸ਼ਾ ਦੇ ਸ਼ੁੱਧ ਤੇ ਮਿਆਰੀ ਰੂਪ ਨੂੰ ਸਮਝਣ ਲਈ ਕੀ ਜ਼ਰੂਰੀ ਹੈ?

45. ਉਹ ਕਿਹੜਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਤੇ ਭਾਵ ਦੂਜਿਆਂ ਤੱਕ ਪਹੁੰਚਾਉਂਦਾ ਹੈ?

46. ਬੋਲੀ/ਭਾਸ਼ਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

47. ਟਕਸਾਲੀ ਭਾਸ਼ਾ ਦਾ ਆਧਾਰ ਕਿਸ ਉਪਭਾਸ਼ਾ ਨੂੰ ਬਣਾਇਆ ਗਿਆ ਹੈ?

48. ਵਿਆਕਰਨ ਅਨੁਸਾਰ ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ ਨੂੰ ਕੀ ਕਹਿੰਦੇ ਹਨ?

49. ਪੰਜਾਬੀ ਵਿੱਚ ਸ੍ਵਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ?

50. ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ?

51. ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਣ ਵਾਲ਼ੇ ਚਿੰਨ੍ਹਾਂ ਦੇ ਸਮੂਹ ਨੂੰ ਕੀ ਕਿਹਾ ਜਾਂਦਾ ਹੈ?

52. ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ਕਿਹੜੀ ਹੈ?

53. ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਦੀ ਵਰਤੋਂ ਕੀਤੀ ਜਾਂਦੀ ਹੈ?

54. ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

55. ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

56. ਗੁਰਮੁਖੀ ਲਿਖਣ ਲਈ ਦਬਾਅ ਜਾਂ ਬਲ ਦਾ ਚਿੰਨ੍ਹ ਕਿਹੜਾ ਹੈ?

57. ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ, ਉਸ ਨੂੰ ਕੀ ਕਹਿੰਦੇ ਹਨ?

58. 'ਮੈਂ ਆਪ ਉਸ ਨੂੰ ਨਕਲ਼ ਮਾਰਦੇ ਦੇਖਿਆ ਹੈ।' ਇਸ ਵਾਕ ਵਿੱਚ ਆਪ ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?

59. 'ਕੌਣ ਰੌਲ਼ਾ ਪਾਉਂਦਾ ਹੈ?' ਇਸ ਵਾਕ ਵਿੱਚ ਕੌਣ ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?

60. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?

61. ਨਾਂਵ ਸ਼ਬਦਾਂ ਦੀ ਵਿਸ਼ੇਸ਼ਤਾ, ਗੁਣ, ਔਗੁਣ ਜਾਂ ਗਿਣਤੀ-ਮਿਣਤੀ ਦੱਸਣ ਵਾਲ਼ੇ ਸ਼ਬਦ ਕੀ ਅਖਵਾਉਂਦੇ ਹਨ?

62. 'ਮੇਰੀ ਚੁੰਨੀ ਦਾ ਰੰਗ ਨੀਲਾ ਹੈ।' ਇਸ ਵਾਕ ਵਿੱਚ ਕਿਹੜੇ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ?

63. ਬਹੁਤਾ, ਥੋੜ੍ਹਾ, ਕਾਫ਼ੀ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹੈ?

64. 'ਛੁੱਟੀਆਂ ਵਿੱਚ ਮੈਂ ਖ਼ੂਬ ਖੇਡਦਾ ਸਾਂ।' ਵਾਕ ਦਾ ਕਾਲ-ਰੂਪ ਕਿਹੜਾ ਹੈ।

65. ਪੰਜਾਬੀ ਦੀਆਂ ਉਹ ਕਿਹੜੀਆਂ ਵਿਅੰਜਨ-ਧੁਨੀਆਂ ਹਨ ਜੋ ਸ੍ਵਰ ਵਿੱਚ ਤਬਦੀਲ ਹੋਣ ਦੀ ਸਮਰੱਥਾ ਰੱਖਦੀਆਂ ਹਨ?

66. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

67. ਗੁਰਮੁਖੀ ਲਿਪੀ ਵਿੱਚ ਸ੍ਵਰ-ਅੱਖਰ ਕਿਹੜੇ-ਕਿਹੜੇ ਹਨ?

68. ਉਹ ਕਿਹੜਾ ਅੱਖਰ ਹੈ ਜਿਸ ਨਾਲ਼ ਹੋੜਾ ਲਾਉਣ ਨਾਲ਼, ਉਸ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ?

69. ਗੁਰਮੁਖੀ ਲਿਪੀ ਵਿੱਚ ਚਿੰਨ੍ਹ-ਰਹਿਤ ਲਗ ਕਿਹੜੀ ਹੈ?

70. ਗੁਰਮੁਖੀ ਲਿਪੀ ਵਿੱਚ ਲਗਾਖਰ ਦੀ ਗਿਣਤੀ ਕਿੰਨੀ ਹੈ?

71. ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਨਾਲ਼ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ?

72. ਗੁਰਮੁਖੀ ਲਿਪੀ ਵਿੱਚ ਅਧਕ ਦੀ ਵਰਤੋਂ ਕਿੰਨੀਆਂ ਲਗਾਂ ਨਾਲ਼ ਹੁੰਦੀ ਹੈ?

73. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ?

74. ਜਿਹੜੇ ਸ਼ਬਦ ਤੋਂ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਵਾਪਰਨਾ ਪ੍ਰਗਟ ਹੋਵੇ, ਉਸ ਨੂੰ ਕੀ ਕਹਿੰਦੇ ਹਨ?

75. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਪਤਾ ਲੱਗਦਾ ਹੈ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

76. 'ਥੋੜ੍ਹਾ, ਬਹੁਤ, ਏਨਾ, ਕਿੰਨਾ, ਨਿਰਾ, ਬੜਾ ਹੀ' ਇਹ ਸ਼ਬਦ ਕਿਸ ਕਿਸਮ ਦੇ ਕਿਰਿਆ-ਵਿਸ਼ੇਸ਼ਣ ਹਨ?

77. ਲਗਾਂ ਕਿਸ ਨੂੰ ਕਿਹਾ ਜਾਂਦਾ ਹੈ?

78. ਵਿਸ਼ੇਸ਼ ਤਰਤੀਬ ਵਿੱਚ ਲਿਖੇ ਕਿਸੇ ਲਿਪੀ ਦੇ ਸਾਰੇ ਅੱਖਰਾਂ ਨੂੰ ਕੀ ਕਿਹਾ ਜਾਂਦਾ ਹੈ?

79. ਲਗਾਂ ਦੇ ਨਾਲ਼ ਵਰਤੇ ਜਾਂਦੇ ਲਿਪੀ-ਚਿੰਨ੍ਹਾਂ ਨੂੰ ਕੀ ਕਹਿੰਦੇ ਹਨ?

80. ਦਬਾਅ ਜਾਂ ਬਲ ਦਾ ਚਿੰਨ੍ਹ ਕਿਹੜਾ ਹੈ?

81. ਵਿਆਕਰਨ ਅਨੁਸਾਰ ਧੁਨੀ ਕਿਸ ਨੂੰ ਕਹਿੰਦੇ ਹਨ?

82. ਭਾਸ਼ਾਈ ਸਰੰਚਨਾ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ?

83. ਪੰਜਾਬੀ ਵਿੱਚ ਸ੍ਵਰ-ਵਾਹਕ ਅੱਖਰ ਕਿਹੜੇ ਹਨ?

84. ਪੰਜਾਬੀ ਦੀਆਂ ਕਿਹੜੀਆਂ ਧੁਨੀਆਂ ਨਾਲ਼ ਮੌਜੂਦਾ ਦੌਰ ਵਿੱਚ ਕੋਈ ਸ਼ਬਦ ਆਰੰਭ ਨਹੀਂ ਹੁੰਦਾ?

85. ਉਹ ਕਿਹੜਾ ਅੱਖਰ ਹੈ, ਜਿਸ ਉੱਤੇ ਹੋੜਾ ( ੋ ) ਲਗਾਉਣ ਲਈ ਉਸ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ?

86. ਵਿਆਕਰਨ ਦੇ ਕਿਸ ਭਾਗ ਅਧੀਨ ਭਾਸ਼ਾਈ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ?

87. ਹੇਠ ਲਿਖੇ ਵਿਸ਼ਿਆਂ 'ਤੇ ਪੈਰਾ ਰਚਨਾ ਲਿਖਣ ਦਾ ਅਭਿਆਸ ਕਰੋ:

- ਸਕੂਲ ਦੀ ਪ੍ਰਾਰਥਨਾ-ਸਭਾ
- ਮੇਰੀ ਮਨ-ਪਸੰਦ ਪੁਸਤਕ
- ਸਿੱਖਿਆ ਦੇ ਸਾਧਨ ਵਜੋਂ ਟੈਲੀਵੀਜ਼ਨ
- ਸਕੂਲ ਦੀ ਕਬੱਡੀ ਟੀਮ
- ਮੇਰਾ ਮਨ-ਭਾਉਂਦਾ ਫ਼ਲ
- ਗਰਮੀਆਂ ਵਿੱਚ ਰੁੱਖਾਂ ਦੀ ਛਾਂ

## ਅਭਿਆਸ ਲਈ ਅਖਾਉਤਾਂ (ਸਥਿਤੀਆਂ ਸਮੇਤ)

1. **ਉਹ ਭੁੱਲਾ ਨਾ ਜਾਣੀਏ ਜਿਹੜਾ ਮੁੜ ਘਰ ਆਵੇ–** ਜਦੋਂ ਕੋਈ ਵਿਅਕਤੀ ਆਪਣੀ ਗ਼ਲਤੀ ਮੰਨ ਕੇ ਜਲਦੀ ਹੀ ਉਸ ਵਿੱਚ ਸੁਧਾਰ ਕਰ ਲਵੇ ਤਾਂ ਇਹ ਅਖਾਉਤ ਵਰਤਦੇ ਹਨ।
2. **ਉਹ ਮਾਂ ਮਰ ਗਈ ਜਿਹੜੀ ਦਹੀਂ (ਮੱਖਣ) ਨਾਲ਼ ਟੁੱਕ ਦਿੰਦੀ ਸੀ–** ਜਦੋਂ ਕੋਈ ਵਿਅਕਤੀ ਸੁੱਖ ਵਿੱਚ ਬਿਤਾਏ ਦਿਨਾਂ ਨੂੰ ਯਾਦ ਕਰਦਾ ਹੈ, ਉਦੋਂ ਕਹਿੰਦੇ ਹਨ।
3. **ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ–** ਜਦੋਂ ਇਹ ਦੱਸਣਾ ਹੋਵੇ ਕਿ ਔਖਾ ਕੰਮ ਅਰੰਭ ਕਰ ਕੇ ਉਸ ਦੀਆਂ ਔਕੜਾਂ ਤੋਂ ਡਰਨਾ ਨਹੀਂ ਚਾਹੀਦਾ।
4. **ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ–** ਜੇਕਰ ਕੋਈ ਹੰਕਾਰ ਵੱਸ ਹੋ ਕੇ ਕੋਈ ਗੱਲ ਕਰਦਾ ਹੈ ਤਾਂ ਉਹ ਨੂੰ ਹੰਕਾਰ ਕਰਨ ਤੋਂ ਰੋਕਣ ਲਈ ਇਹ ਅਖਾਣ ਵਰਤਿਆ ਜਾਂਦਾ ਹੈ।
5. **ਉੱਚੀ ਦੁਕਾਨ ਫਿੱਕਾ ਪਕਵਾਨ–** ਜੇ ਕੋਈ ਵਿਅਕਤੀ ਆਪਣੀ ਸ਼ੁਹਰਤ ਅਤੇ ਯੋਗਤਾ ਅਨੁਸਾਰ ਪੂਰਾ ਨਾ ਉੱਤਰੇ ਜਾਂ ਉਸ ਤੋਂ ਘਟੀਆ ਸਾਬਤ ਹੋਵੇ, ਉਸ ਲਈ ਇਹ ਅਖਾਉਤ ਵਰਤਦੇ ਹਨ।
6. **ਉੱਠ ਨਾ ਸਕਾਂ, ਫਿੱਟੇ-ਮੂੰਹ ਗੋਡਿਆਂ ਦਾ–** ਜਦੋਂ ਕੋਈ ਵਿਅਕਤੀ ਆਪ ਕੰਮ ਨਾ ਕਰ ਸਕਦਾ ਹੋਵੇ ਜਾਂ ਕਰਨਾ ਨਾ ਚਾਹੁੰਦਾ ਹੋਵੇ ਅਤੇ ਦੋਸ਼ੀ ਦੂਜਿਆਂ ਨੂੰ ਠਹਿਰਾਵੇ, ਉਦੋਂ ਇਹ ਅਖਾਉਤ ਵਰਤਦੇ ਹਨ।

7. **ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ–** ਜਦੋਂ ਇਹ ਦੱਸਣਾ ਹੋਵੇ ਕਿ ਉੱਦਮ ਅਤੇ ਮਿਹਨਤ ਕੀਤਿਆਂ ਸਫ਼ਲਤਾ ਪ੍ਰਾਪਤ ਹੁੰਦੀ ਹੈ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।
8. **ਉਲਟਾ ਚੋਰ ਕੋਤਵਾਲ ਨੂੰ ਡਾਂਟੇ–** ਜਦੋਂ ਕੋਈ ਦੋਸ਼ੀ ਹੁੰਦਾ ਹੋਇਆ ਵੀ ਅੱਗੋਂ ਆਕੜੇ ਤਾਂ ਕਹਿੰਦੇ ਹਨ।
9. **ਉਲਟੀ ਵਾੜ ਖੇਤ ਨੂੰ ਖਾਏ–** ਜਦੋਂ ਕਿਸੇ ਨੂੰ ਸੁਰੱਖਿਆ ਦੇਣ ਦੀ ਜ਼ੁੰਮੇਵਾਰੀ ਸੌਂਪੀ ਜਾਵੇ ਪਰ ਉਹ ਆਪ ਹੀ ਉਸ ਦਾ ਨੁਕਸਾਨ ਕਰੇ, ਤਾਂ ਇਹ ਅਖਾਉਤ ਵਰਤੀ ਜਾਂਦੀ ਹੈ।
10. **ਊਠ ਨਾ ਕੁੱਦੇ ਬੋਰੇ ਕੁੱਦੇ–** ਜਦੋਂ ਕਿਸੇ ਚੀਜ਼ ਦਾ ਅਸਲੀ ਹੱਕਦਾਰ ਤਾਂ ਚੁੱਪ ਰਹੇ ਪਰ ਦੂਸਰਾ ਐਵੇਂ ਹੀ ਰੌਲ਼ਾ ਪਾਈ ਜਾਵੇ।
11. **ਅਸਮਾਨ ਤੋਂ ਡਿਗੀ ਖਜੂਰ 'ਤੇ ਅਟਕੀ–** ਜਦੋਂ ਕੋਈ ਇੱਕ ਮੁਸੀਬਤ 'ਚੋਂ ਨਿਕਲ਼ ਕੇ ਦੂਸਰੀ ਮੁਸੀਬਤ ਵਿੱਚ ਫਸ ਜਾਵੇ।
12. **ਅਕਲ ਵਾਲੇ ਨਾ਼ਲ ਭੀਖ ਮੰਗੀ ਚੰਗੀ, ਪਰ ਮੂਰਖ ਨਾਲ ਰਾਜ ਰਾਜਿਆ ਮੰਦਾ–** ਮੂਰਖ ਦੀ ਸੰਗਤ ਵਿੱਚ ਸੁੱਖ ਕੱਟਣ ਨਾ਼ਲੋਂ ਸਿਆਣੇ ਦੀ ਸੰਗਤ ਵਿੱਚ ਤੰਗੀ ਕੱਟਣੀ ਚੰਗੀ।
13. **ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ—** ਜਾਣ-ਬੁੱਝ ਕੇ ਕੋਈ ਬੁਰਾ ਕੰਮ ਨਹੀਂ ਕੀਤਾ ਜਾ ਸਕਦਾ ਜਾਂ ਕਿਸੇ ਬੁਰੇ ਬੰਦੇ ਦੀਆਂ ਆਦਤਾਂ ਬਾਰੇ ਜਾਣਦੇ ਹੋਏ ਉਸ ਨਾਲ ਸਾਂਝ ਨਹੀਂ ਪਾਈ ਜਾ ਸਕਦੀ।
14. **ਅੱਗ ਲੈਣ ਆਈ ਘਰ–ਬਾਰਨ ਬਣ ਬੈਠੀ–** ਜਦੋਂ ਲੋੜ ਵੇਲੇ ਕਿਸੇ ਤੋਂ ਕੋਈ ਮਦਦ ਲਈ ਜਾਵੇ ਪਰ ਬਾਅਦ ਵਿੱਚ ਮਦਦ ਲੈਣ ਵਾਲਾ ਮਦਦਗਾਰ ਦੀ ਚੀਜ਼ 'ਤੇ ਕਬਜ਼ਾ ਕਰ ਲਵੇ।
15. **ਅੰਨ੍ਹਾ ਵੰਡੇ ਸ਼ੀਰਨੀ, ਮੁੜ–ਘਿੜ ਆਪਣਿਆਂ ਨੂੰ—** ਜਦੋਂ ਕੋਈ ਵਿਅਕਤੀ ਬਹੁਤਿਆਂ ਨੂੰ ਲਾਭ ਪਹੁੰਚਾਉਣ ਦੀ ਸਮਰੱਥਾ ਰੱਖਦਿਆਂ ਹੋਇਆਂ ਵੀ ਕੇਵਲ ਆਪਣਿਆਂ ਨੂੰ ਹੀ ਲਾਭ ਪਹੁੰਚਾਈ ਜਾਵੇ ਉਦੋਂ ਇਹ ਅਖਾਣ ਵਰਤਦੇ ਹਨ।
16. **ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੌ -** ਹਮਦਰਦੀ ਜਾਂ ਮਦਦ ਲਈ ਕਿਸੇ ਅਜਿਹੇ ਬੰਦੇ ਅੱਗੇ ਪੁਕਾਰ ਕਰਨੀ ਜਿਸ ਉੱਤੇ ਕੋਈ ਅਸਰ ਨਾ ਹੋਵੇ।
17. **ਆਪਣੀ ਮੱਝ ਦਾ ਦੁੱਧ ਸੌ ਕੋਹ 'ਤੇ ਜਾ ਪੀਵੀਦਾ ਏ–** ਘਰ ਆਏ ਮਹਿਮਾਨ ਦੀ ਕੀਤੀ ਟਹਿਲ-ਸੇਵਾ ਦਾ ਬਦਲਾ ਸਾਨੂੰ ਉਹੋ–ਜਿਹੀ ਟਹਿਲ ਸੇਵਾ ਵਿੱਚ ਮਿਲ ਜਾਂਦਾ ਹੈ ਜਦੋਂ ਅਸੀਂ ਅਗਲੇ ਦੇ ਮਹਿਮਾਨ ਬਣ ਕੇ ਜਾਂਦੇ ਹਾਂ।
18. **ਆਪਣੇ ਘਰ ਲੱਗੇ ਤਾਂ ਅੱਗ, ਦੂਜੇ ਦੇ ਘਰ ਲੱਗੇ ਤਾਂ ਬਸੰਤਰ–** ਜਦੋਂ ਕੋਈ ਆਪਣਾ ਨੁਕਸਾਨ ਹੋਣ ਉੱਤੇ ਬਹੁਤ ਦੁਖੀ ਹੋਵੇ ਪਰੰਤੂ ਦੂਜਿਆਂ ਦਾ ਉਸੇ ਤਰ੍ਹਾਂ ਦਾ ਨੁਕਸਾਨ ਦੇਖ ਕੇ ਖ਼ੁਸ਼ ਹੋਵੇ ਤਦ ਇਹ ਅਖਾਉਤ ਵਰਤਦੇ ਹਨ।
19. **ਆਪਣੇ ਨੈਣ ਮੈਨੂੰ ਦੇ ਦੇ, ਤੂੰ ਮਟਕਾਉਂਦੀ ਫਿਰ–** ਜਦੋਂ ਕੋਈ ਦੂਸਰੇ ਦੀ ਲੋੜ ਤੋਂ ਬਿਲਕੁਲ ਬੇਪਰਵਾਹ ਹੋ ਕੇ ਉਸ ਦੀ ਅਤਿ ਲੁੜੀਂਦੀ ਚੀਜ਼ ਮੰਗੇ।
20. **ਅੰਮਾਂ ਨਾਲੋਂ ਹੇਜਲੀ, ਸੋ ਫਫੇ ਕੁੱਟਣ–** ਜਦੋਂ ਕੋਈ ਬੰਦਾ ਕਿਸੇ ਦੂਜੇ ਨਾਲ ਉਸ ਦੇ ਸਕਿਆਂ ਨਾ਼ਲੋਂ ਵੀ ਵੱਧ ਪਿਆਰ ਹੋਣ ਦਾ ਪਖੰਡ ਕਰੇ।

21. **ਆਟਾ ਗੁੰਨ੍ਹਦੀਏ ਹਿੱਲਦੀ ਕਿਉਂ ਏਂ?–** ਜਦੋਂ ਕੋਈ ਐਵੇਂ ਹੀ ਬਹਾਨਾ ਲੱਭ ਕੇ ਕਿਸੇ ਦੇ ਨੁਕਸ ਕੱਢੇ।

22. **ਆਪ ਬੀਬੀ ਕੋਕਾਂ, ਮੱਤੀ ਦੇਵੇ ਲੋਕਾਂ–** ਜਦੋਂ ਕੋਈ ਆਪਣੀਆਂ ਖ਼ਾਮੀਆਂ (ਕਮਜ਼ੋਰੀਆਂ) ਵੱਲ ਤਾਂ ਧਿਆਨ ਨਾ ਦੇਵੇ ਪਰ ਦੂਸਰਿਆਂ ਨੂੰ ਸਿੱਖਿਆ ਦੇਵੇ।

23. **ਈਸਬਗੋਲ ਤੇ ਕੁਝ ਨਾ ਫੋਲ–** ਜਦੋਂ ਕਿਸੇ ਮਸਲੇ ਜਾਂ ਵਿਅਕਤੀ ਬਾਰੇ ਵਿਸਤਾਰ ਨਾਲ ਗੱਲ ਕੀਤਿਆਂ ਕੇਵਲ ਨੁਕਸ ਜਾਂ ਬੁਰਾਈਆਂ ਹੀ ਲੱਭਣ, ਤਾਂ ਕਹਿੰਦੇ ਹਨ।

24. **ਇਹ ਜੱਗ ਮਿੱਠਾ, ਅਗਲਾ ਕਿਨ ਡਿੱਠਾ—** ਜਿਹੜੇ ਬੰਦੇ ਇਸ ਦੁਨੀਆ ਦੇ ਸੁੱਖਾਂ ਅਤੇ ਮੌਜ-ਮਸਤੀਆਂ ਨੂੰ ਮਹੱਤਤਾ ਦਿੰਦੇ ਹਨ, ਉਹ ਆਖਦੇ ਹਨ।

25. **ਇੱਕ ਅਨਾਰ ਸੌ ਬਿਮਾਰ–** ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ।

26. **ਇੱਕ ਹੋਵੇ ਕਮਲਾ ਤਾਂ ਸਮਝਾਏ ਵਿਹੜਾ, ਵਿਹੜਾ ਹੋਵੇ ਕਮਲਾ ਤਾਂ ਸਮਝਾਏ ਕਿਹੜਾ–** ਜਦੋਂ ਇਹ ਦੱਸਣਾ ਹੋਵੇ ਕਿ ਇੱਕ-ਅੱਧ ਬੰਦੇ ਨੂੰ ਤਾਂ ਸਮਝਾਇਆ ਜਾ ਸਕਦਾ ਹੈ ਪਰ ਜੇਕਰ ਸਾਰਾ ਸਮਾਜ ਹੀ ਵਿਗੜ ਜਾਵੇ ਫਿਰ ਕੋਈ ਚਾਰਾ ਨਹੀਂ।

27. **ਇਕ ਕਮਲੀ, ਦੂਜੀ ਪੈ ਗਈ ਸਿਵਿਆਂ ਦੇ ਰਾਹ–** ਜਦੋਂ ਕਿਸੇ ਮੂਰਖ ਦੀ ਮੂਰਖਤਾ ਨੂੰ ਵਧੇਰੇ ਕਰਕੇ ਦੱਸਣਾ ਹੋਵੇ।

28. **ਸੱਸ ਨਾ ਨਣਾਨ, ਵਹੁਟੀ ਆਪੇ ਪ੍ਰਧਾਨ–** ਜਦੋਂ ਘਰ ਵਿੱਚ ਕਿਸੇ ਨੂੰ ਕੋਈ ਰੋਕ-ਟੋਕ ਕਰਨ ਵਾਲ਼ਾ ਨਾ ਹੋਵੇ ਤੇ ਉਹ ਆਪਹੁਦਰੀਆਂ ਕਰੇ, ਤਦ ਕਿਹਾ ਜਾਂਦਾ ਹੈ।

29. **ਸਹਿਜ ਪੱਕੇ ਸੋ ਮਿੱਠਾ ਹੋਏ—** ਠਰ੍ਹੰਮੇ ਨਾਲ ਕੀਤਾ ਕੰਮ ਕਾਹਲ਼ੀ ਵਿੱਚ ਕੀਤੇ ਕੰਮ ਤੋਂ ਹਮੇਸ਼ਾਂ ਠੀਕ ਹੁੰਦਾ ਹੈ।

30. **ਸੱਪ ਵੀ ਮਰ ਜਾਵੇ ਤੇ ਲਾਠੀ ਵੀ ਬਚ ਜਾਵੇ–**ਕਿਸੇ ਅਜਿਹੀ ਜੁਗਤ ਨਾਲ਼ ਚੱਲਣਾ ਕਿ ਕੰਮ ਵੀ ਹੋ ਜਾਵੇ ਤੇ ਕਿਸੇ ਦਾ ਨੁਕਸਾਨ ਵੀ ਨਾ ਹੋਵੇ।

## ਵਿੱਦਿਅਕ ਵਰ੍ਹਾ: 2025-26
## ਨਮੂਨਾ ਪ੍ਰਸ਼ਨ-ਪੱਤਰ 1
## ਜਮਾਤ: ਨੌਂਵੀਂ ਪੇਪਰ: ਪੰਜਾਬੀ 'ਏ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ: 1.** ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

**2.** ਸਾਰੇ ਪ੍ਰਸ਼ਨ ਜ਼ਰੂਰੀ ਹਨ।

**3.** ਵਸਤੂਨਿਸ਼ਠ ਪ੍ਰਸ਼ਨ ਦੇ ਤਿੰਨ ਭਾਗ-ੳ, ਅ, ਅਤੇ ੲ ਹਨ। ਭਾਗ (ੳ) ਵਿੱਚ ਸਾਹਿਤ-ਮਾਲ਼ਾ: 9 ਪਾਠ-ਪੁਸਤਕ ਵਿੱਚੋਂ ਦੋ ਪ੍ਰਸ਼ਨ ਕਾਵਿ-ਭਾਗ ਅਤੇ ਦੋ ਪ੍ਰਸ਼ਨ ਵਾਰਤਕ ਭਾਗ ਵਿੱਚੋਂ ਹੋਣਗੇ, ਭਾਗ (ਅ) ਵਿੱਚ ਵੰਨਗੀ ਪਾਠ-ਪੁਸਤਕ ਦੇ ਦੋ ਪ੍ਰਸ਼ਨ ਕਹਾਣੀ ਭਾਗ ਅਤੇ ਦੋ ਪ੍ਰਸ਼ਨ ਇਕਾਂਗੀ ਭਾਗ ਵਿੱਚੋਂ ਹੋਣਗੇ ਅਤੇ (ੲ) ਭਾਗ ਵਿੱਚ ਦੋ ਪ੍ਰਸ਼ਨ ਨਾਵਲ ਪਾਠ-ਪੁਸਤਕ ਵਿੱਚੋਂ ਹੋਣਗੇ। ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

**1. ਵਸਤੂਨਿਸ਼ਠ ਪ੍ਰਸ਼ਨ:** **ਕੁੱਲ ਅੰਕ: 20**

**ਭਾਗ-ੳ** **4×2=8**

(ੳ) 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ਅ) ਪ੍ਰੋ. ਪੂਰਨ ਸਿੰਘ ਦੀ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ।

(ੲ) 'ਵਹਿਮੀ ਤਾਇਆ' ਲੇਖ ਕਿਸ ਲੇਖਕ ਦੀ ਰਚਨਾ ਹੈ?

(ਸ) ਜਰਮਨਾਂ ਨੇ ਕਿਹੜੇ ਸ਼ਹਿਰ 'ਤੇ ਜਾਂਞੀਆਂ ਵਾਂਗ ਬਾਜਾ ਵਜਾ ਕੇ ਕਬਜ਼ਾ ਕਰ ਲਿਆ?

**ਭਾਗ-ਅ** **4×2=8**

(ਹ) ਕਪੂਰ ਸਿੰਘ ਕਿਸ ਕਹਾਣੀ ਦਾ ਪਾਤਰ ਹੈ?

(ਕ) ਕਿਸ ਦੀ ਫ਼ੁਟਬਾਲ ਦੀ ਕਿੱਕ ਬੜੀ ਮਸ਼ਹੂਰ ਸੀ?

(ਖ) 'ਗਊਮੁਖਾ-ਸ਼ੇਰਮੁਖਾ' ਇਕਾਂਗੀ ਵਿੱਚ ਸ਼ਰਨ ਸਿੰਘ ਕੀ ਕੰਮ ਕਰਦਾ ਸੀ?

(ਗ) 'ਸਿਰਜਣਾ' ਇਕਾਂਗੀ ਵਿੱਚ ਬੀਜੀ ਕਿੰਨੀ ਜ਼ਮੀਨ ਦੀ ਮਾਲਕ ਹੈ?

**ਭਾਗ-ੲ** **2×2=4**

(ਘ) ਬੰਤਾ ਹਰ ਰੋਜ਼ ਸਵੇਰੇ ਕਿੰਨੇ ਵਜੇ ਸਟੇਸ਼ਨ 'ਤੇ ਪਹੁੰਚਦਾ ਹੈ?

(ਙ) ਬੰਤੇ ਦੇ ਪੁੱਤਰ ਦਾ ਨਾਂ ਕੀ ਹੈ?

**2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ:** **2+3=5**

(ੳ) ਰਹੀ ਵਾਸਤੇ ਘੱਤ 'ਸਮੇਂ' ਨੇ ਇੱਕ ਨਾ ਮੰਨੀ,
ਫੜ-ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,
ਕਿਵੇਂ ਨਾ ਸੱਕੀ ਰੋਕ ਅਟਕ ਜੋ ਪਾਈ, ਭੰਨੀ,

ਤਿੱਖੇ ਆਪਣੇ ਵੇਗ ਗਿਆ ਟੱਪ ਬੰਨੇ-ਬੰਨੀ।

(ਅ) ਸ਼ੇਰਾਂ ਦੀ ਛਾਤੀ ’ਤੇ ਬਹਿ ਕੇ, ਮੌਤ ਜਿਨ੍ਹਾਂ ਨੇ ਮੰਗੀ ਏ,
ਖ਼ੂਨ ਦੀਆਂ ਨਦੀਆਂ ਵਿੱਚ ਡੁੱਬ ਕੇ, ਗੋਰੀ ਚਮੜੀ ਰੰਗੀ ਏ।
ਨਵੀਂ ਦੇਸ ’ਤੇ ਰੰਗਣ ਚਾੜ੍ਹੀ, ਪੂਜੋ ਉਹਨਾਂ ਭਗਵਾਨਾਂ ਨੂੰ,
ਓ ਦੁਨੀਆ ਦੇ ਬੰਦਿਓ ਪੂਜੋ, ਉਹਨਾਂ ਨੇਕ ਇਨਸਾਨਾਂ ਨੂੰ,
ਦੇਸ ਦੀ ਖ਼ਾਤਰ ਵਾਰ ਗਏ ਜੋ ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

**3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ: 3**

(ੳ) ਜਵਾਨ ਪੰਜਾਬ ਦੇ (ਪ੍ਰੋ. ਪੂਰਨ ਸਿੰਘ)

(ਅ) ਇੱਕ ਪਿਆਲਾ ਪਾਣੀ (ਸ. ਸ. ਚਰਨ ਸਿੰਘ ਸ਼ਹੀਦ)

**4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਗ਼ਲੀ ਵਿੱਚ (ਪੰਡਤ ਸ਼ਰਧਾ ਰਾਮ ਫਿਲੌਰੀ)

**(ਅ)** ਮੁੜ ਵੇਖਿਆ ਪਿੰਡ (ਬਲਰਾਜ ਸਾਹਨੀ)

**5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ ’ਤੇ ਲਿਖੋ: 2×2=4**

(ੳ) ਜੈ ਰਾਮ ਨੇ ਗੁਰੂ ਜੀ ਲਈ ਕੀ ਕੀਤਾ?

(ਅ) ‘ਵੱਡਿਆਂ ਦਾ ਆਦਰ’ ਪਾਠ ਅਨੁਸਾਰ ਕਿਹੜੇ-ਕਿਹੜੇ ਵਿਅਕਤੀਆਂ ਨੂੰ ਵੱਡਾ ਮੰਨਿਆ ਗਿਆ ਹੈ?

(ੲ) ਦੁਨੀਆ ਦਾ ਉਲਟਾਪਨ ਕੀ ਹੈ?

(ਸ) ਪਤੀ ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ?

**6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਕੱਲੋ (ਨਾਨਕ ਸਿੰਘ)

**(ਅ)** ਬੱਸ ਕੰਡਕਟਰ (ਡਾ. ਦਲੀਪ ਕੌਰ ਟਿਵਾਣਾ)

**7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ ’ਤੇ ਲਿਖੋ: 2×2=4**

(ੳ) ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸਾਦ ਨੂੰ ਵਧਾਈ ਕਿਉਂ ਦਿੱਤੀ?

(ਅ) ਫ਼ੁਟਬਾਲ ਖੇਡ ਰਹੇ ਬਸ਼ੀਰੇ ਨੂੰ ਦੇਖ ਕੇ ਲੇਖਕ ਕੀ ਮਹਿਸੂਸ ਕਰਦਾ ਹੈ?

(ੲ) ਕਰੀਮੂ ਤੇ ਰਹੀਮੂ ਬਾਰੇ ਪਿੰਡ ਦੇ ਲੋਕਾਂ ਦੀ ਕੀ ਰਾਏ ਸੀ?

(ਸ) ਪਿੰਡ ਦੇ ਲੋਕ ਮੋਹਣ ਸਿੰਘ ਬਾਰੇ ਕਿਹੋ-ਜਿਹੀਆਂ ਗੱਲਾਂ ਕਰਦੇ ਸਨ?

**8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ**

**ਲਿਖੋ:** **5**

(ੳ) ਸੱਜਣ (ਇਕਾਂਗੀ: ਪਰਤ ਆਉਣ ਤੱਕ)

(ਅ) ਬੀਜੀ (ਇਕਾਂਗੀ: ਸਿਰਜਣਾ)

**9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6**

(ੳ) "ਸੋਚ ਲਓ, ਐਵੇਂ ਗਾਹਕ ਹੱਥੋਂ ਨਹੀਂ ਛੱਡਣਾ ਚਾਹੀਦਾ। ਨਾਲ਼ੇ ਇਹ ਮਕਾਨ ਸ਼ੇਰਮੁਖਾ ਵੀ ਏ।"

ਪ੍ਰਸ਼ਨ:

1) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ?

2) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

3) ਸ਼ੇਰਮੁਖਾ ਮਕਾਨ ਤੋਂ ਕੀ ਭਾਵ ਹੈ?

(ਅ) "ਹਾਂ ਸਿਰਜਨ, ਤੂੰ ਜੋ ਕੀਤੈ ਬਿਲਕੁਲ ਠੀਕ ਕੀਤੈ। ਜੇ ਤੂੰ ਵੀ ਉਹ ਕਰ ਲੈਂਦੀ ਜੋ ਸਾਰੇ ਕਰਦੇ ਨੇ ਤਾਂ ਫਿਰ ਤੂੰ ਵੀ ਇੱਕ ਆਮ ਔਰਤ ਹੁੰਦੀ। ਮੈਨੂੰ ਖ਼ੁਸ਼ੀ ਹੈ, ਮੇਰੀ ਜੀਵਨ-ਸਾਥਣ ਕੋਈ ਆਮ ਔਰਤ ਨਹੀਂ।"

ਪ੍ਰਸ਼ਨ:

1) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ?

2) ਇਹ ਇਕਾਂਗੀ, ਕਿਸ ਇਕਾਂਗੀਕਾਰ ਦੀ ਰਚਨਾ ਹੈ?

3) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6**

(ੳ) ਬੰਤਾ ਆਪਣੀ ਪਤਨੀ ਤੋਂ ਚਾਹ ਦੀ ਥਾਂ 'ਬੈੱਡ-ਟੀ' ਦੀ ਮੰਗ ਕਿਉਂ ਕਰਦਾ ਹੈ?
(ਅ) ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ?
(ੲ) ਜੱਲ੍ਹਿਆਂ ਵਾਲ਼ੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਬੰਤੇ ਦੇ ਕੀ ਵਿਚਾਰ ਹਨ?
(ਸ) ਤਾਨਪੁਰੇ ਵਾਲ਼ੀ ਕੁੜੀ ਜਲੰਧਰ ਕੀ ਕਰਨ ਗਈ ਸੀ?
(ਹ) ਰਿਕਸ਼ੇ ਵਾਲ਼ਾ ਮੀਤੇ ਦੀ ਦੁਕਾਨ ਤੋਂ ਹੀ ਆਪਣੇ ਰਿਕਸ਼ੇ ਵਿੱਚ ਹਵਾ ਕਿਉਂ ਭਰਨੀ ਚਾਹੁੰਦਾ ਸੀ?

## ਨਮੂਨਾ ਪ੍ਰਸ਼ਨ-ਪੱਤਰ 2
## ਜਮਾਤ: ਨੌਂਵੀਂ ਪੇਪਰ: ਪੰਜਾਬੀ 'ੲ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

2. ਸਾਰੇ ਪ੍ਰਸ਼ਨ ਜ਼ਰੂਰੀ ਹਨ।

3. ਵਸਤੂਨਿਸ਼ਠ ਪ੍ਰਸ਼ਨ ਦੇ ਤਿੰਨ ਭਾਗ-ੳ, ਅ, ਅਤੇ ੲ ਹਨ। ਭਾਗ (ੳ) ਵਿੱਚ ਸਾਹਿਤ-ਮਾਲ਼ਾ: 9 ਪਾਠ-ਪੁਸਤਕ ਵਿੱਚੋਂ ਦੋ ਪ੍ਰਸ਼ਨ ਕਾਵਿ-ਭਾਗ ਅਤੇ ਦੋ ਪ੍ਰਸ਼ਨ ਵਾਰਤਕ ਭਾਗ ਵਿੱਚੋਂ ਹੋਣਗੇ, ਭਾਗ (ਅ) ਵਿੱਚ ਵੰਨਗੀ ਪਾਠ-ਪੁਸਤਕ ਦੇ ਦੋ ਪ੍ਰਸ਼ਨ ਕਹਾਣੀ ਭਾਗ ਅਤੇ ਦੋ ਪ੍ਰਸ਼ਨ ਇਕਾਂਗੀ ਭਾਗ ਵਿੱਚੋਂ ਹੋਣਗੇ ਅਤੇ (ੲ) ਭਾਗ ਵਿੱਚ ਦੋ ਪ੍ਰਸ਼ਨ ਨਾਵਲ ਪਾਠ-ਪੁਸਤਕ ਵਿੱਚੋਂ ਹੋਣਗੇ। ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

**1. ਵਸਤੂਨਿਸ਼ਠ ਪ੍ਰਸ਼ਨ:** **ਅੰਕ: 20**

**ਭਾਗ-ੳ** **4×2=8**

(ੳ) 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਵਿੱਚ ਕਿਸ ਧਰਤੀ ਦੀ ਸੁੰਦਰਤਾ ਬਿਆਨ ਕੀਤੀ ਗਈ ਹੈ?

(ਅ) 'ਆਰਤੀ' ਕਵਿਤਾ ਕਿਸ ਨੂੰ ਸੰਬੋਧਿਤ ਹੈ?

(ੲ) 'ਗਲ਼ੀ ਵਿੱਚ' ਲੇਖ ਵਿੱਚ ਕਿਹੜੇ ਸ਼ਹਿਰ ਦੀ ਗਲ਼ੀ ਦਾ ਜ਼ਿਕਰ ਹੈ?

(ਸ) ਤਾਇਆ ਮਨਸਾ ਰਾਮ ਨੂੰ ਸਾਰਾ ਪਿੰਡ ਕੀ ਆਖਦਾ ਸੀ?

**ਭਾਗ-ਅ** **4×2=8**

(ਹ) ਪਾਲੀ ਕੀ ਕੰਮ ਕਰਦੀ ਸੀ?

(ਕ) ਹਰ ਕੌਰ ਨੇ ਕਾੜ੍ਹਨੀ ਵਿੱਚ ਕੀ ਰੱਖਿਆ ਹੋਇਆ ਸੀ?

(ਖ) ਸੁਦਰਸ਼ਨ ਕਿਸਨ ਦੇਈ ਨੂੰ ਕੀ ਕਹਿ ਕੇ ਬੁਲਾਉਂਦਾ ਸੀ?

(ਗ) ਸੰਤੀ ਜ਼ਮੀਨ ਵੇਚ ਕੇ ਕਿੱਥੇ ਜਾਣ ਲਈ ਕਹਿੰਦੀ ਹੈ?

**ਭਾਗ-ੲ** **2×2=4**

(ਘ) ਫੁੰਮਣ ਬੰਤੇ ਕੋਲ਼ ਕਿਹੜਾ ਪਾਠ ਪੜ੍ਹਨ ਲਈ ਆਉਂਦਾ ਹੈ?

(ਙ) ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣਨ ਦਾ ਅਨੰਦ ਲੈਂਦਾ ਸੀ?

**2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ:** **2+3=5**

(ੳ) ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ:
ਪਰ ਟੈਂ ਨਾ ਮੰਨਣ ਕਿਸੀ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।

(ਅ) ਧੁਨ ਦੇ ਪੱਕੇ, ਧੀਰਜ ਵਾਲ਼ੇ,

ਤੋਰ ਨਾ ਛੱਡਣ, ਪੈਣ ਨਾ ਕਾਹਲ਼ੇ।

ਨਦੀਆਂ ਚਾਲ ਗੰਭੀਰ ਚੱਲਦੀਆਂ,

ਸ਼ਹੁ-ਸਾਗਰ ਵਿੱਚ ਜਾ ਰਲ਼ਦੀਆਂ।

ਥੰਮ੍ਹਣਾ, ਰੁਕਣਾ ਮੌਤ ਨਿਸ਼ਾਨੀ,

ਦਏ ਸੜ੍ਹਾਂਦ ਖੜੋਤਾ ਪਾਣੀ।

**3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ:**

(ੳ) ਵਿਸਾਖੀ ਦਾ ਮੇਲਾ (ਧਨੀ ਰਾਮ ਚਾਤ੍ਰਿਕ) **3**

(ਅ) ਗੁਰੂ ਨਾਨਕ ਨੂੰ (ਪ੍ਰੋ. ਮੋਹਨ ਸਿੰਘ)

**4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਸੁਲਤਾਨਪੁਰ ਨੂੰ ਤਿਆਰੀ (ਪੁਰਾਤਨ ਜਨਮ ਸਾਖੀ)

(ਅ) ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ (ਡਾ. ਟੀ. ਆਰ. ਸ਼ਰਮਾ)

**5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ: 2×2=4**

(ੳ) ਪਾਂਧਾ ਭੋਲ਼ੀਆਂ-ਭਲ਼ੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ?

(ਅ) ਜੰਗਲ਼ ਦੇ ਜਾਨਵਰ ਨੰਗੇ ਪੈਰ ਦੀ ਆਹਟ ਦੂਰੋਂ ਕਿਉਂ ਸੁਣ ਲੈਂਦੇ ਹਨ?

(ੲ) ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਹੈ?

(ਸ) ਲੇਖਕ ਨੂੰ ਸੁਪਨੇ 'ਚ ਬੇਬੇ ਕੀ ਕੰਮ ਕਰਦੀ ਨਜ਼ਰ ਆਉਂਦੀ ਹੈ?

**6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਕੱਲੋ (ਨਾਨਕ ਸਿੰਘ)

(ਅ) ਮੁਰਕੀਆਂ (ਨੌਰੰਗ ਸਿੰਘ)

**7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ- ਪੁਸਤਕ ਦੇ ਆਧਾਰ 'ਤੇ ਲਿਖੋ: 2×2=4**

(ੳ) ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ 'ਕੱਲੋ' ਦਾ ਸੁਭਾਅ ਕਿਹੋ-ਜਿਹਾ ਸੀ?

(ਅ) ਤਕਾਲ਼ਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ?

(ੲ) ਸਰਪੰਚ ਦੇ ਖੰਘੂਰੇ ਦਾ ਦਰਬਾਰੇ 'ਤੇ ਕੀ ਅਸਰ ਹੋਇਆ?

(ਸ) ਬੱਸ-ਕੰਡਕਟਰ ਨੇ ਪਾਲੀ ਨਾਲ਼ ਆਪਣਾ ਕਿਹੜਾ ਰਾਜ਼ ਸਾਂਝਾ ਕੀਤਾ?

**8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ: 5**

(ੳ) ਕਿਸ਼ਨ ਦੇਈ (ਇਕਾਂਗੀ: ਗਊਮੁਖਾ-ਸ਼ੇਰਮੁਖਾ)

(ਅ) ਹਰੀ ਚੰਦ (ਇਕਾਂਗੀ: ਮੌਨਧਾਰੀ)

**9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6**

(ੳ) "ਸੁਖੀ-ਸਾਂਦੀ ਮਰਨ ਤੇਰੇ ਵੈਰੀ, ਇੱਥੇ ਪੁਲਿਸ ਨਹੀਂ ਆ ਸਕਦੀ। ਘਬਰਾ ਨਾ। ਚੱਲ ਅੰਦਰ। ਹੱਥ-ਮੂੰਹ ਧੋ ਤੇ ਹੁਣੇ ਤੇਰਾ ਵੀਰਾ ਦਫ਼ਤਰੋਂ ਔਂਦਾ ਏ ਤਾਂ ਤੁਹਾਨੂੰ ਚਾਹ ਬਣਾ ਕੇ ਦੇਨੀ ਆਂ।"

ਪ੍ਰਸ਼ਨ:

1) ਇਸ ਵਾਰਤਾਲਾਪ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2) ਰਾਮ ਪਿਆਰੀ, ਮਦਨ ਨੂੰ ਕਿਵੇਂ ਦਿਲਾਸਾ ਦੇਂਦੀ ਹੈ?
3) ਵੀਰਾ ਕਿੱਥੋਂ ਆਉਣ ਵਾਲਾ ਹੈ ਅਤੇ ਉਸ ਦੇ ਆਉਣ 'ਤੇ ਕੀ ਬਣਾਉਣ ਦਾ ਵਿਚਾਰ ਹੈ?

(ਅ) "ਠਹਿਰੋ, ਰੁੜ੍ਹ-ਪੁੜ੍ਹ ਜਾਣਿਓ, ਐਧਰ ਆਓ।
ਠਹਿਰੋ ਖਸਮਾਂ ਖਾਣਿਓ, ਐਧਰ ਆਓ।
ਹੱਸਦੇ ਹੋ? ਕੁਝ ਸ਼ਰਮ ਕਰੋ।
ਕਲਜੁਗ ਦਿਓ ਨਿਆਣਿਓ, ਐਧਰ ਆਓ।
ਮਾਂਵਾਂ ਅੱਗੇ ਨੱਸਦੇ ਹੋ? ਕੁਝ ਸ਼ਰਮ ਕਰੋ,
ਠਹਿਰੋ, ਰੁੜ੍ਹ-ਪੁੜ੍ਹ ਜਾਣਿਓ, ਐਧਰ ਆਓ।
ਅੱਛਾ ਬਾਬਾ, ਮੈਂ ਹਾਰੀ।"
"ਇਆਣੀ ਯਾਰੀ ਸਦਾ ਖੁਆਰੀ, ਤੁਹਾਡੇ ਮਾਂ-ਪਿਓ ਨੂੰ ਦੱਸੂੰਗੀ। ਪਰ ਲਗਾਮਾਂ ਕੱਸੂੰਗੀ।"

ਪ੍ਰਸ਼ਨ:

1) ਇਹ ਵਾਰਤਾਲਾਪ ਕੌਣ ਕਿਸ ਨੂੰ ਬੋਲਦਾ ਹੈ?
2) ਬੱਚਿਆਂ ਦੀ ਦਾਦੀ ਬੱਚਿਆਂ ਨੂੰ ਕਲਜੁਗ ਦੇ ਨਿਆਣੇ ਕਿਉਂ ਕਹਿੰਦੀ ਹੈ?
3) ਦਾਦੀ ਬੱਚਿਆਂ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?

**10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6**

(ੳ) ਬੰਤਾ ਆਪਣੀ ਪਤਨੀ ਤੋਂ ਚਾਹ ਦੀ ਥਾਂ 'ਬੈੱਡ-ਟੀ' ਦੀ ਮੰਗ ਕਿਉਂ ਕਰਦਾ ਹੈ?
(ਅ) ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ?
(ੲ) ਜੱਲ੍ਹਿਆਂ ਵਾਲ਼ੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਬੰਤੇ ਦੇ ਕੀ ਵਿਚਾਰ ਹਨ?
(ਸ) ਤਾਨਪੁਰੇ ਵਾਲ਼ੀ ਕੁੜੀ ਜਲੰਧਰ ਕੀ ਕਰਨ ਗਈ ਸੀ?
(ਹ) ਰਿਕਸ਼ੇ ਵਾਲ਼ਾ ਮੀਤੇ ਦੀ ਦੁਕਾਨ ਤੋਂ ਹੀ ਆਪਣੇ ਰਿਕਸ਼ੇ ਵਿੱਚ ਹਵਾ ਕਿਉਂ ਭਰਨੀ ਚਾਹੁੰਦਾ ਸੀ?

## ਨਮੂਨਾ ਪ੍ਰਸ਼ਨ-ਪੱਤਰ 1

## ਜਮਾਤ: ਨੌਂਵੀਂ ਪੇਪਰ: ਪੰਜਾਬੀ 'ਬੀ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 11 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਜ਼ਰੂਰੀ ਹਨ।**

**1. ਵਸਤੂਨਿਸ਼ਠ ਪ੍ਰਸ਼ਨ** 10x1=10

1) ਵਿਆਕਰਨ ਦੇ ਧੁਨੀਆਂ ਦੇ ਅਧਿਐਨ ਵਾਲ਼ੇ ਭਾਗ ਨੂੰ ਕੀ ਕਹਿੰਦੇ ਹਨ?
2) ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
3) ਸਾਡੇ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?
4) ਮੂਲ ਸ਼ਬਦ ਨੂੰ ਅਗੇਤਰ ਲਾ ਕੇ ਬਣਾਏ ਸ਼ਬਦ ਨੂੰ ਕੀ ਕਹਿੰਦੇ ਹਨ?
5) ਕੋਈ ਇੱਕ ਸਮਾਸੀ ਸ਼ਬਦ ਲਿਖੋ।
6) 'ਦਯਾ' ਦਾ ਸਹੀ ਸ਼ਬਦ-ਜੋੜ ਲਿਖੋ।
7) 'ਆਲੂ' ਸ਼ਬਦ ਨੂੰ ਪਿਛੇਤਰ ਲਾ ਕੇ ਕੋਈ ਇੱਕ ਸ਼ਬਦ ਬਣਾਓ।
8) ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਕਿਹੜੀ ਹੈ?
9) 'ਜ਼ਬਾਨੀ ਜਮ੍ਹਾਂ-ਖ਼ਰਚ ਕਰਨਾ' ਮੁਹਾਵਰੇ ਦਾ ਸਹੀ ਅਰਥ ਕੀ ਹੋਵੇਗਾ।
10) ਵਾਹ! ਕਿੰਨਾ ਸੁੰਦਰ ਫੁੱਲ ਹੈ। ਵਾਕ ਦੀ ਕਿਸਮ ਦੱਸੋ।

**2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 400 ਸ਼ਬਦਾਂ ਦਾ ਲੇਖ ਲਿਖੋ:** 1x10=10

(ੳ) ਸ਼ਹੀਦ ਭਗਤ ਸਿੰਘ

(ਅ) ਭਰੂਣ ਹੱਤਿਆ

(ੲ) ਦਿਵਾਲ਼ੀ

(ਸ) ਪੰਦਰਾਂ ਅਗਸਤ

(ਹ) ਮਨੁੱਖ ਅਤੇ ਵਿਗਿਆਨ

**3. ਹੇਠ ਲਿਖੇ ਬਿਨੈ-ਪੱਤਰ ਜਾਂ ਪੱਤਰ ਵਿੱਚੋਂ ਕੋਈ ਇੱਕ ਲਿਖੋ:**

2+4+2=8

(ੳ) ਮਿੱਤਰ/ਸਹੇਲੀ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲੈਣ ਲਈ ਪੱਤਰ ਲਿਖੋ।

***ਜਾਂ***

(ਅ) ਸਕੂਲ ਲਾਇਬ੍ਰੇਰੀ ਨੂੰ ਸੁਚਾਰੂ ਢੰਗ ਨਾਲ਼ ਚਲਾਉਣ ਲਈ ਸਕੂਲ ਮੁਖੀ ਨੂੰ ਬਿਨੈ ਪੱਤਰ ਲਿਖੋ।

**4. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੈਰਾ ਰਚਨਾ ਲਿਖੋ:** 1x6=6

(ੳ) ਸਕੂਲ ਦੀ ਸਫ਼ਾਈ

(ਅ) ਸਾਝ ਕਰੀਜੈ ਗੁਣਹ ਕੇਰੀ

**5. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਦੀ ਵਾਕਾਂ ਵਿੱਚ ਵਰਤੋਂ ਕਰੋ:** 5x2=10

ਕਬਰ ਕਿਨਾਰੇ ਹੋਣਾ, ਖੰਡ-ਖੀਰ ਹੋਣਾ, ਚਾਂਦੀ ਦੀ ਜੱਤੀ ਮਾਰਨਾ, ਛਿੱਲ ਲਾਹੁਣਾ, ਜ਼ਖ਼ਮਾਂ 'ਤੇ ਲੂਣ ਛਿੜਕਣਾ, ਖ਼ੁਆਜੇ ਦਾ ਗਵਾਹ ਡੱਡੂ, ਘੜੀ ਦਾ ਖੁੰਝਿਆ ਸੌ ਕੋਹ 'ਤੇ ਜਾ ਪੈਂਦਾ ਹੈ, ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ

**6.** ਵਿਆਕਰਨ ਦੀ ਪੜ੍ਹਾਈ ਕਿਉਂ ਜ਼ਰੂਰੀ ਹੈ? 5

***ਜਾਂ***

ਬੋਲੀ/ਭਾਸ਼ਾ ਕਿਸ ਨੂੰ ਕਹਿੰਦੇ ਹਨ?

**7.** ਸ਼ਬਦ ਰਚਨਾ ਕੀ ਹੁੰਦੀ ਹੈ? 3

***ਜਾਂ***

ਸਮਾਸੀ ਸ਼ਬਦ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

**8.** ਕਰਮ ਕਾਰਕ ਜਾਂ ਕਰਨ ਕਾਰਕ ਦੀ ਪਰਿਭਾਸ਼ਾ ਲਿਖੋ ਤੇ ਉਦਾਹਰਨਾਂ ਵੀ ਦਿਓ। 3

**9.** ਹੇਠ ਲਿਖੇ ਵਾਕਾਂ ਦਾ ਬ੍ਰੈਕਟਾਂ ਵਿੱਚ ਲਿਖੇ ਅਨੁਸਾਰ ਵਾਕ-ਵਟਾਂਦਰਾ ਕਰੋ: 2+2=4

**10.**(ੳ) ਮਿਹਨਤੀ ਲੋਕ ਕਦੇ ਦੁੱਖ ਨਹੀਂ ਪਾਉਂਦੇ। (ਹਾਂ ਵਾਚਕ ਵਾਕ)

(ਅ) ਆਪਣਾ ਭਰਾ ਦਾ ਨਾਂ ਦੱਸੋ। (ਪ੍ਰਸ਼ਨ ਵਾਚਕ ਵਾਕ)

**10.** ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ: 2+2=4

(ੳ) ਪਯਾਰੇ ਬਚੇ ਸਬ ਨੂੰ ਚੰਗੇ ਲਗਦੇ ਹਨ।

(ਅ) ਤੁਸੀ ਕੱਲ੍ਹ ਸ਼ੈਹਰ ਕਯੋਂ ਗਯੇ ਸੀ।

**11.**'ਬੇ' ਨੂੰ ਅਗੇਤਰ ਅਤੇ 'ਈ' ਨੂੰ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ। 1+1=2

## ਨਮੂਨਾ ਪ੍ਰਸ਼ਨ-ਪੱਤਰ 2

## ਜਮਾਤ: ਨੌਂਵੀਂ ਪੇਪਰ: ਪੰਜਾਬੀ 'ਬੀ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਜ਼ਰੂਰੀ ਹਨ।**

**1. ਵਸਤੂਨਿਸ਼ਠ ਪ੍ਰਸ਼ਨ** 10x1=10

1) ਵਿਆਕਰਨ ਦੇ ਸ਼ਬਦਾਂ ਦੇ ਅਧਿਐਨ ਵਾਲ਼ੇ ਭਾਗ ਨੂੰ ਕੀ ਕਹਿੰਦੇ ਹਨ?

2) ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ਕਿਹੜੀ ਹੈ?

3) ਅਜੋਕੀ ਪੰਜਾਬੀ ਦੀਆਂ ਕਿੰਨੀਆਂ ਉਪਭਾਸ਼ਾਵਾਂ ਹਨ?

4) ਦੋ ਸ਼ਬਦਾਂ ਦੇ ਮੇਲ਼ ਤੋਂ ਬਣੇ ਸ਼ਬਦ ਨੂੰ ਕੀ ਕਹਿੰਦੇ ਹਨ?

5) 'ਸ੍ਵੈ' ਸ਼ਬਦ ਨੂੰ ਅਗੇਤਰ ਲਾ ਕੇ ਕੋਈ ਇੱਕ ਸ਼ਬਦ ਬਣਾਓ।

6) 'ਨਿਰਭਯ' ਦਾ ਸਹੀ ਸ਼ਬਦ-ਜੋੜ ਲਿਖੋ।

7) ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ?

8) 'ਜ਼ਬਾਨੀ ਜਮ੍ਹਾਂ-ਖ਼ਰਚ ਕਰਨਾ' ਮੁਹਾਵਰੇ ਦਾ ਸਹੀ ਅਰਥ ਕੀ ਹੋਵੇਗਾ।

9) ਇਹ ਗ਼ਲਤੀ ਕਿਸ ਨੇ ਕੀਤੀ ਹੈ? ਵਾਕ ਦੀ ਕਿਸਮ ਦੱਸੋ।

10) ਕਾਰਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

**2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 400 ਸ਼ਬਦਾਂ ਦਾ ਲੇਖ ਲਿਖੋ:** 10

(ੳ) ਸ੍ਰੀ ਗੁਰੂ ਨਾਨਕ ਦੇਵ ਜੀ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਅੱਖੀਂ ਡਿੱਠਾ ਮੇਲਾ

(ਸ) ਛੱਬੀ ਜਨਵਰੀ

(ਹ) ਸੰਚਾਰ ਦੇ ਸਾਧਨ

**3. ਹੇਠ ਲਿਖੇ ਬਿਨੈ-ਪੱਤਰ ਜਾਂ ਪੱਤਰ ਵਿੱਚੋਂ ਕੋਈ ਇੱਕ ਲਿਖੋ:**

2+4+2=8

(ੳ) ਤੁਸੀਂ ਸਕੂਲ ਵੱਲੋ ਕਿਸੇ ਵਿੱਦਿਅਕ ਟੂਰ 'ਤੇ ਗਏ ਸੀ, ਪੱਤਰ ਰਾਹੀਂ ਆਪਣੇ ਅਨੁਭਵ ਕਿਸੇ ਰਿਸ਼ਤੇਦਾਰ ਨਾਲ਼ ਸਾਂਝੇ ਕਰੋ।

***ਜਾਂ***

(ਅ) ਨਗਰ ਪਾਲਿਕਾ ਦੇ ਪ੍ਰਧਾਨ ਨੂੰ ਗ਼ਲੀਆਂ-ਨਾਲ਼ੀਆਂ ਦੀ ਸਫ਼ਾਈ ਅਤੇ ਮੁਰੰਮਤ ਲਈ ਬਿਨੈ-ਪੱਤਰ ਲਿਖੋ।

**4. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੈਰਾ ਰਚਨਾ ਲਿਖੋ:** 6

(ੳ) ਮਿਲਵਰਤਨ (ਅ) ਸੰਤੁਲਿਤ ਖ਼ੁਰਾਕ

**5. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰੋ:** 5x2=10

ਕੰਨਾਂ 'ਤੇ ਜੂੰ ਨਾ ਸਰਕਣੀ, ਖ਼ੂਨ ਸਫ਼ੈਦ ਹੋਣਾ, ਚੜ੍ਹਦੀ ਕਲਾ ਵਿੱਚ ਹੋਣਾ, ਗੁੱਡੀ ਚੜ੍ਹਨੀ, ਛੱਕੇ ਛੁਡਾਉਣਾ, ਘੜੀ ਦਾ ਖੁੰਝਿਆ ਸੌ ਕੋਹ 'ਤੇ ਜਾ ਪੈਂਦਾ, ਜਿੱਥੇ ਪਈ ਫੁੱਟ ਉੱਥੇ ਪਈ ਲੁੱਟ, ਜਿਹਨੇ ਲਾਈ ਗੱਲੀਂ ਉਸੇ ਨਾਲ਼ ਉੱਠ ਚੱਲੀ

**6.** ਵਿਆਕਰਨ ਕਿਸ ਨੂੰ ਕਹਿੰਦੇ ਹਨ? 5

***ਜਾਂ***

ਟਕਸਾਲੀ ਜਾਂ ਮਿਆਰੀ ਭਾਸ਼ਾ ਕਿਸ ਨੂੰ ਕਹਿੰਦੇ ਹਨ?

**7.** ਸ਼ਬਦ ਰਚਨਾ ਕੀ ਹੁੰਦੀ ਹੈ? 3

***ਜਾਂ***

ਉਤਪੰਨ ਸ਼ਬਦ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

**8.** ਕਰਤਾ ਕਾਰਕ ਜਾਂ ਕਰਨ ਕਾਰਕ ਦੀ ਪਰਿਭਾਸ਼ਾ ਲਿਖੋ ਤੇ ਉਦਾਹਰਨਾਂ ਵੀ ਦਿਓ। 3

**9.** ਹੇਠ ਲਿਖੇ ਵਾਕਾਂ ਦਾ ਬ੍ਰੈਕਟਾਂ ਵਿੱਚ ਲਿਖੇ ਅਨੁਸਾਰ ਵਾਕ-ਵਟਾਂਦਰਾ ਕਰੋ: 2+2=4

(ੳ) ਅਸੀਂ ਆਪਣੇ ਦੇਸ ਨੂੰ ਨਫ਼ਰਤ ਨਹੀਂ ਕਰਦੇ। (ਹਾਂ ਵਾਚਕ ਵਾਕ)

(ਅ) ਆਪਣਾ ਨਾਂ ਦੱਸੋ। (ਪ੍ਰਸ਼ਨ ਵਾਚਕ ਵਾਕ)

**10.** ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ: 2+2=4

(ੳ) ਮੁੱਡਾ ਦੁਪੈਹਰ ਤੋਂ ਬੌਹਤ ਮੇਹਨਤ ਕਰ ਰਿਹਾ ਹੈ।

(ਅ) ਅਸੀ ਕੱਲ੍ਹ ਸ਼ੈਹਰ ਤੋਂ ਪੜ੍ਹਣ ਲਈ ਕਿਤਾਬਾਂ ਲਿਯਾਏ।

**11.**'ਗ਼ੈਰ' ਨੂੰ ਅਗੇਤਰ ਅਤੇ 'ਸਾਰ' ਨੂੰ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ। 1+1=2